# ਸਾਂਝੀ ਵਿਰਾਸਤ

ਜਿਲਦ 4 ਅੰਕ 37

2025

1- ਮਾਘ (13-ਜਨਵਰੀ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਮਾਘ / 13-ਜਨਵਰੀ 2025)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਮਾਘ ਮਹਲਾ 5 ਦੇ ਪਾਠ ਦੀ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਮਾਘ ਮ: 1 ਦੇ ਪਾਠ ਦੀ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5-6 |
| 4. | ਸਫ਼ਰ-ਏ-ਸ਼ਹਾਦਤ : ਭਾਗ - 1 | ਸਰਦਾਰਨੀ ਗੁਰਨਾਮ ਕੌਰ | 7-8 |
| 5. | ਮਾਘ - ਵਿਆਕਰਣਕ ਵਿਚਾਰ | ਡਾ. ਸਰਦਾਰ ਚਮਕੌਰ ਸਿੰਘ ਬਰਾਰ | 9-11 |
| 6. | ਜਾਪ ਸਾਹਿਬ : ਭਾਗ-1. ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਬੇਨਤੀਆਂ ਬਾਰੇ ਤੁਕਾਂ | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 12-14 |
| **7.** | **Shabad Guru** | **Dr. Sardar D. P. Singh** | **15** |
| 8. | ਖੇਤੀ ਮਾਹਰ - ਡਾ. ਨਰਿੰਦਰ ਸਿੰਘ ਰੰਧਾਵਾ | ਡਾ. ਸਰਦਾਰ ਕਾਬਲ ਸਿੰਘ | 16 |
| 9. | ਜੋਤ ਨੂਰਾਨੀ (ਗੀਤ) | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 17 |
| 10. | ਗੁਰੂ ਗੋਬਿੰਦ ਸਿੰਘ ਜੀ ਦੇ ਪਰਕਾਸ਼ ਦਿਨ ਤੇ | ਕਵੀ ਦਰਬਾਰ (ਈ-ਦੀਵਾਨ) | 18-19 |
| 11. | ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ | ਪ੍ਰਸ਼ਨ - ਉਤੱਰ (10,11) | 20 |
| 12. | ਸਮੇ ਦਾ ਪੁਰਬ-ਨਵੇਂ ਸਾਲ ਦਾ ਪਹਿਲਾ ਦਿਨ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 21-22 |
| 13. | ਸਾਖੀ ਬਾਬਾ ਬੁੱਢਾ ਜੀ, ਗੁਰਬਾਣੀ ਅਨੁਸਾਰ- 3 | ਸਰਦਾਰ ਨਿਰਮਲ ਸਿੰਘ | 23-25 |
| 14. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 26-28 |
| 15. | **Does it matter if I am 94 ?** | **Dr. Harbans Lal** | 29-30 |
| 16. | **King of Poets - Guru Dasmesh Ji** | **Dr S. Raja Balraj Singh** | 31-33 |
| 17. | ਕੀ ਅਸੀਂ ਸਿੱਖ ਗੁਰੂ ਪ੍ਰਤੀ ਅਕਿਰਤਘਣ ਹਾਂ ? | ਡਾ. ਸਰਦਾਰ ਸੁਰਜੀਤ ਸਿੰਘ ਭੱਟੀ | 34-36 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 37-38 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |


WhatsApp Video
2025-01-10 at 11.58.1

# ਸੰਪਾਦਕੀ ਨੋਟ

(1-ਮਾਘ / 13-ਜਨਵਰੀ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਜਨਵਰੀ ਦੀ 13 ਤਾਰੀਖ ਤੋਂ ਮਾਘ ਦਾ ਮਹੀਨਾ ਸ਼ੁਰੂ ਹੁੰਦਾ ਹੈ। ਜਨਵਰੀ 2025 ਦੇ ਇਸ ਅੰਕ ਨਾਲ "ਸਾਂਝੀ ਵਿਰਾਸਤ" ਮੈਗਜ਼ੀਨ ਚੌਥੇ ਸਾਲ ਵਿਚ ਪਰਵੇਸ਼ ਕਰ ਰਹੀ ਹੈ। ਇਸ ਲਈ ਆਪ ਸਭ ਦਾ, ਖਾਸ ਤੌਰ ਤੇ ਸੰਪਾਦਕੀ ਬੋਰਡ, ਸਲਾਹਕਾਰਾਂ ਅਤੇ ਲੇਖਕਾਂ ਦਾ, ਬਹੁਤ ਧੰਨਵਾਦ ਹੈ। ਮੂਲ ਨਾਨਕਸ਼ਾਹੀ ਕੈਲੰਡਰ ਦਾ ਹਰ ਮਹੀਨਾ ਹਮੇਸ਼ਾਂ ਇਕੋ ਅੰਗਰੇਜ਼ੀ ਤਾਰੀਖ ਨੂੰ ਸ਼ੁਰੂ ਹੁੰਦਾ ਹੈ। ਇਸ ਦੇ ਪਹਿਲੇ ਪੰਜ ਮਹੀਨਿਆਂ ਵਿਚ ਹਰੇਕ ਮਹੀਨੇ ਦੇ 31 ਦਿਨ ਹੁੰਦੇ ਹਨ ਅਤੇ ਅਗਲੇ ਸੱਤ ਮਹੀਨੇ ਸਾਰੇ 30 ਦਿਨਾਂ ਦੇ ਹਨ। ਫੱਗਣ ਵਿਚ ਹਰ 4 ਸਾਲਾਂ ਬਾਅਦ ਇੱਕ ਦਿਨ ਜੁੜਦਾ ਹੈ। ਇਨ੍ਹਾਂ ਦੀ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ।

1-ਚੇਤ (14 ਮਾਰਚ), 1-ਵਿਸਾਖ (14 ਅਪਰੈਲ), 1-ਜੇਠ (15 ਮਈ), 1-ਹਾੜ੍ਹ (15 ਜੂਨ), ਅਤੇ 1-ਸਾਵਣ (16 ਜੁਲਾਈ)।

1-ਭਾਦੋਂ (16 ਅਗੱਸਤ), 1-ਅੱਸੂ (15 ਸਤੰਬਰ), 1 - ਕੱਤਕ (15 ਅਕਤੂਬਰ), 1 - ਮੱਘਰ (14 ਨਵੰਬਰ), 1 - ਪੋਹ (14 ਦਸੰਬਰ), 1 - ਮਾਘ (13 ਜਨਵਰੀ), ਅਤੇ 1-ਫੱਗਣ (12 ਫਰਵਰੀ)।

5 ਜਨਵਰੀ (23 ਪੋਹ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਕਾਸ਼ ਦਿਹਾੜਾ ਹੈ।

ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ ਅੰਗਰੇਜ਼ੀ ਮਹੀਨੇ ਦੀ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ ਜਾਂ ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ। ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਦੇ ਅੰਤ ਵਿਚ ਅਤੇ ਇਸ ਮੈਗਜ਼ੀਨ ਦੇ ਵੈਬਸਾਈਟ **(sanjhivirasat.org)** ਤੇ ਦਿੱਤੀ ਹੈ। ਹੋ ਸਕੇ ਤਾਂ ਪੰਜਾਬੀ ਭਾਸ਼ਾ ਦੀਆਂ ਰਚਨਾਵਾਂ ਗੁਰਮੁਖੀ ਦੀ "ਅਨਮੋਲਲਿਪ੍ਹਿਇਓਵੇ" **(AnmolLipiHeavy)** ਵਿਚ ਅਤੇ ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ **Times New Roman** ਵਿਚ ਭੇਜਣ ਦੀ ਕਿਰਪਾਲਤਾ ਕਰੋ।

ਮੌਲਿਕ ਰਚਨਾਵਾਂ (14 ਫ਼ੌਂਟ ਵਿਚ) ਵੱਧ ਤੋਂ ਵੱਧ ਦੋ ਪਨਿੰਆਂ (ਲਗਭਗ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦਾ ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
sanjhivirasat13@gmail.com

ਬਾਰਹ ਮਾਹਾ ਮਾਂਝ ਮਹਲਾ 5 ਘਰੁ 4
ੴ ਸਤਿਗੁਰ ਪ੍ਰਸਾਦਿ ॥
ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਸਿਖ ਧਰਮ ਅਨੁਸਾਰ ਜੀਵਨ ਦਾ ਉਦੇਸ਼ ਸਚਿਆਰ ਬਣਨਾ, ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਦੇ ਆਰੰਭ ਵਿਚ ਹੀ "ਕਿਵ ਸਚਿਆਰਾ ਹੋਈਐ" ਦੇ ਰੂਪ ਵਿਚ ਪ੍ਰਗਟ ਕੀਤਾ ਹੈ। "ਅੰਤਰਗਤਿ ਤੀਰਥਿ ਮਲਿ ਨਾਉ" ਦੀ ਜਾਚ ਦੇ ਨਾਲ ਗੁਰਬਾਣੀ ਦੇ ਭੰਡਾਰ ਭਰਪੂਰ ਹਨ। ਭਾਰਤੀ ਸਮਾਜ ਮਾਘ ਮਹੀਨੇ ਨੂੰ "ਸ਼ੁਧੀਕਰਣ" ਦਾ ਅਵਸਰ ਮੰਨਦਾ ਹੈ। ਨਦੀਆਂ ਕਿਨਾਰੇ ਸਥਿਤ ਮੰਨੇ ਜਾਂਦੇ ਅਠਾਹਠ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦਾ ਬੜਾ ਮਹਾਤਮ ਸਮਝਿਆ ਜਾਂਦਾ ਹੈ। ਪਰ ਗੁਰਬਾਣੀ ਵਿਚ ਬਾਹਰਲੇ ਇਸ਼ਨਾਨ ਨਾਲ ਮਨ ਦਾ ਪਵਿੱਤਰ ਹੋਣਾ ਨਹੀਂ ਮੰਨਿਆ ਗਿਆ। ਗੁਰੂ ਜੀ ਨੇ ਕਿਹਾ ਹੈ ਕਿ ਲੱਖਾਂ ਵਾਰੀ ਇਸ਼ਨਾਨ ਕਰ ਕੇ ਵੀ ਮਾਨਸਕ ਪਵਿਤ੍ਰਤਾ ਨਹੀ ਹੁੰਦੀ। ਗੁਰੂ ਅਰਜਨ ਸਾਹਿਬ ਨੇ ਅਸਲੀ ਪਵਿਤ੍ਰਤਾ ਦਾ ਮਾਰਗ ਸਤਿਸੰਗਤ ਦੱਸਿਆ ਹੈ ਜਿਸ ਵਿਚ ਹਉਮੈ ਤਿਆਗ ਕੇ ਨਿਮਰਤਾ ਸਹਿਤ ਪ੍ਰਮੇਸ਼ਰ ਦੇ ਨਾਮ ਦਾ ਧਿਆਨ ਕਰਨਾ ਹੈ। ਉਦੇਸ਼ ਆਪ ਜਪੈ ਅਵਰੈ ਨਾਮ ਜਪਾਵੈ ਹੈ। ਇਸ ਦੁਆਰਾ ਜੀਵਨ ਵਿਚ ਕੀਤੇ ਮਾੜੇ ਕਰਮਾਂ ਦੀ ਮੈਲ ਧੋਤੀ ਜਾਂਦੀ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰਾਂ ਦੁਆਰਾ ਲਗਦੀ ਹੈ।

ਸਚਿਆਰ ਬਣਨ ਦਾ ਇਹੀ ਸ੍ਰੇਸ਼ਟ ਮਾਰਗ ਹੈ ਜਿਸ ਨਾਲ ਸੱਚਾ ਮਾਣ ਸਤਿਕਾਰ ਪ੍ਰਾਪਤ ਹੁੰਦਾ ਹੈ। ਲੋਕਾਂ ਦੁਆਰਾ ਮੰਨੇ ਜਾਂਦੇ ਅਠਾਹਠ ਤੀਰਥਾਂ ਦੇ ਇਸ਼ਨਾਨ ਅਤੇ ਦਇਆ ਦਾਨ ਵਰਗੇ ਸਾਰੇ ਪੁੰਨ ਕਰਮਾਂ ਦੇ ਫਲ ਮਿਲਦੇ ਹਨ। ਇਹ ਦਾਤ ਆਪਣੀ ਘਾਲ ਨਾਲ ਨਹੀ ਮਿਲਦੀ। ਵਾਹਿਗੁਰੂ ਦੀ ਬਖਸ਼ਿਸ਼ ਨਾਲ ਹੀ ਮਨੱਖ ਸਚਿਆਰ ਬਣਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਸਤਿਗਰਾਂ ਦੀ ਕਿਰਪਾ ਦੁਆਰਾ ਆਪਣੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਉਹ ਇਸ ਜੀਵਨ ਰੂਪੀ ਮਾਘ ਦੇ ਮਹੀਨੇ ਵਿਚ ਸਚਿਆਰ ਬਣ ਜਾਂਦੇ ਹਨ, ਜਿਨ੍ਹਾਂ ਤੋਂ ਸਤਿਗੁਰੂ ਵੀ ਬਲਿਹਾਰ ਜਾਂਦੇ ਹਨ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ
(ਕੈਨੇਡਾ)



## ਮਾਘ ਦੇ ਮਹੀਨੇ ਦਾ ਪਾਠ ਅਤੇ
## ਉਸ ਦੀ ਵਿਆਖਿਆ
## ਬਾਰਹ ਮਾਹਾ ਤੁਖਾਰੀ ਛੰਤ ਮਹਲਾ ੧

ੴ ਸਤਿਗੁਰ ਪ੍ਰਸਾਦਿ
ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥

ਅਰਥ

(ਪੁਨੀਤ = ਪਵਿਤ੍ਰ, ਤੀਰਥੁ = ਪਵਿਤ੍ਰਅਸ ਥਾਨ, ਅੰਤਰਿ = ਹਿਰਦੇ ਵਿਚ, ਜਾਨਿਆ = ਪਛਾਣ ਲਿਆ, ਸਹਜਿ = ਸਹਜ ਵਿਚ, ਗਹਿ = ਗ੍ਰਹਿਣ ਕਰ ਕੇ, ਅੰਕੇ = ਅੰਕ ਵਿਚ, ਹਿਰਦੈ ਵਿਚ, ਬੰਕੇ = ਸੋਹਣੇ, ਸਰਿ = ਸਰੋਵਰ ਵਿਚ, ਨਾਵਾ = ਨ੍ਹਾਵਾਂ, ਤਹ = ਉਸ ਆਤਮਕ ਅਵਸਥਾ ਵਿਚ, ਬੇਣੀ ਸੰਗਮ = ਤ੍ਰਿਬੇਣੀ, ਗੰਗਾ ਜਮਨਾ ਸਰਸਵਤੀ ਤਿੰਨਾਂ ਪਵਿਤ੍ਰ ਨਦੀਆਂ ਦਾ ਮਿਲਾਪ-ਅਸਥਾਨ, ਜਾਤਾ = ਡੂੰਘੀ ਸਾਂਝ ਪਾ ਲਈ)।

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ,
ਜਲੰਧਰ

ਮਾਘ ਦੇ ਮਹੀਨੇ ਵਿੱਚ ਲੋਕ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨੂੰ ਪਵਿੱਤਰ ਅਤੇ ਪੁੰਨ ਕਰਮ ਮੰਨਦੇ ਹਨ ਪਰ ਗੁਰੂ ਨਾਨਕ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਹੜੇ ਲੋਕ ਆਪਣੇ ਅੰਦਰੋਂ ਪਰਮਾਤਮਾ ਨੂੰ ਖੋਜ ਕੇ ਅੰਦਰਲੇ ਤੀਰਥ ਵਿੱਚ ਇਸ਼ਨਾਨ ਕਰਦੇ ਹਨ, ਭਾਵ ਉਸਨੂੰ ਜਪ ਜਪ ਕੇ ਉਸਦੇ ਗੁਣ ਗ੍ਰਹਿਣ ਕਰ ਕੇ ਉਸ ਵਿੱਚ ਲੀਨ ਹੋ ਜਾਂਦੇ ਹਨ, ਇਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

# ਮਾਘ ਮਹੀਨੇ ਦੇ ਬਾਰਹ ਮਾਹਾ ਤੁਖਾਰੀ ਛੰਤ ਦੇ ਪਾਠ ਦੀ ਕਾਵਿਕ ਵਿਆਖਿਆ

ਸਰਦਾਰ ਕਰਮਜੀਤ ਸਿੰਘ ਨੂਰ



ਮਾਘ ਦੇ ਮਹੀਨੇ ਲੋਕ ਤੀਰਥੀਂ ਨਹਾਉਣ ਜਾਂਦੇ,
ਉਹਨਾਂ ਏਸ ਕੰਮ ਨੂੰ ਪਵਿੱਤਰ ਹੈ ਜਾਣਿਆ।
ਮਗਰ ਜੀਵ ਆਤਮਾ ਪਵਿੱਤਰ ਹੈ ਉਹ ਜਿਹਨੇ,
ਆਪਣੇ ਹੀ ਅੰਦਰੋਂ ਹੈ ਤੀਰਥ ਪਛਾਣਿਆ।


ਕਰਕੇ ਗ੍ਰਹਿਣ ਗੁਣ ਪ੍ਰਭੂ ਪਰਮਾਤਮਾ ਦੇ,
ਮਨ ਆਪਣੇ ਦੇ ਤਾਈ ਲੈਂਦਾ ਜੋ ਟਿਕਾਅ ਹੈ।
ਮਿਲਦਾ ਹੈ ਉਸੇ ਨੂੰ ਉਹ ਸੱਜਣ ਪਿਆਰਾ ਪ੍ਰਭੂ,
ਗਾ ਗਾ ਕੇ ਉਹਦੇ ’ਚ ਹੀ ਜਾਂਦਾ ਜੋ ਸਮਾਅ ਹੈ।

ਸੁਣ ਕੇ ਤੇ ਗਾ ਕੇ ਜੇ ਗੁਣ ਸੋਹਣੇ ਪ੍ਰੀਤਮਾ ਵੇ,
ਭਾਅ ਜਾਵਾਂ ਤੈਨੂੰ, ਮੇਰਾ ਏਹੋ ਇਸ਼ਨਾਨ ਹੈ।
ਨਦੀਆਂ ਦਾ ਸੰਗਮ ਕੀ, ਕੀ ਤ੍ਰਿਬੇਣੀ ਇਹ ਤਾਂ,
ਸੱਤਾਂ ਸਾਗਰਾਂ ਦੇ ਮੈਨੂੰ ਸੰਗਮ ਸਮਾਨ ਹੈ।

ਜੁਗੋ ਜੁਗ ਇਕੋ ਪ੍ਰਭੂ, ਜਿਸ ਨੇ ਹੈ ਜਾਣ ਲੀਤਾ,
ਪੂਜਾ ਦਾਨ ਪੁੰਨ ਸਭ ਓਸ ਨੇ ਕਮਾ ਲਿਆ ।
ਨਾਨਕ ਜੀ ਕਹਿੰਦੇ, ਨਾਮ ਮਹਾਰਸ ਪੀਤਾ
ਜਿਹਨੇ, 'ਨੂਰ' ਉਹਨੇ ਤੀਰਥਾਂ ਅਠਾਹਠਾਂ ਤੇ
ਨਹਾ ਲਿਆ।

## ਸਫ਼ਰ-ਏ-ਸ਼ਹਾਦਤ : ਭਾਗ - 1

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



ਸਿੱਖ ਧਰਮ ਵਿੱਚ ਸ਼ਹਾਦਤ ਬਹੁਤ ਹੀ ਉੱਚੀ ਅਤੇ ਸੁੱਚੀ ਪਦਵੀ ਹੈ। ਬਿਲਕੁਲ ਗੁਰੂ ਦੇ ਸਨਮੁਖ। ਸ਼ਹਾਦਤ ਵਿੱਚ ਜਿਉਂਣ ਦੀ ਪੂਰੀ ਆਪਸ਼ਨ ਹੈ। ਕੁਝ ਕੁ ਸ਼ਰਤਾਂ ਮੰਨੋ, ਸਮਝੌਤਾ ਕਰੋ ਅਤੇ ਜਾਨ ਬਚਾਓ। ਪਰ ਸ਼ਹਾਦਤ ਉਹ ਹੈ ਜਦੋਂ ਦੁਨੀਆਂ ਦਾ ਹਰ ਸੁੱਖ ਕਦਮਾਂ ਤੇ ਢੇਰੀ ਹੋਵੇ ਪਰ ਚੁਣਨ ਵਾਲਾ ਸਭ ਕੁਝ ਨੂੰ ਠੋਕਰ ਮਾਰ ਕੇ ਅਣਖ, ਗ਼ੈਰਤ ਅਤੇ ਸੱਚ ਤੇ ਪਹਿਰਾ ਦਿੰਦਾ ਹੋਇਆ ਅਣਮਨੁੱਖੀ ਤਸ਼ੱਦਦ ਸਹਿ ਕੇ ਦੁੱਖਾਂ ਅਤੇ ਪੀੜਾਂ ਭਰੀ ਮੌਤ ਨੂੰ ਮੁਸਕਰਾਉਂਦਿਆਂ ਗਲ਼ ਨਾਲ ਲਾ ਲਵੇ। ਇਸ ਰਸਤੇ ਦਾ ਨਕਸ਼ਾ ਗੁਰੂ ਨਾਨਕ ਜੀ ਤਿਆਰ ਕਰਕੇ ਦਿੱਤਾ ਅਤੇ ਮੰਜ਼ਿਲ ਵੀ ਤਹਿ ਕਰ ਦਿੱਤੀ।

ਜਉ ਤਉ ਪ੍ਰੇਮ ਖੇਲਣ ਕਾ ਚਾਓ, ਸਿਰ ਧਰਿ ਤਲੀ ਗਲੀ ਮੇਰੀ ਆਉ॥

ਇਹ ਮਾਰਗ ਤੱਤੀ ਤਵੀ ਤੋਂ ਹੁੰਦਾ ਹੋਇਆ, ਚਾਂਦਨੀ ਚੌਕ ਚੋਂ ਲੰਘਦਾ, ਰੰਬੀਆਂ, ਆਰਿਆਂ, ਦੇਗਾਂ ਵਿੱਚ ਉਬਾਲੇ ਖਾਂਦਾ,ਗਲਾ ਵਿੱਚ ਬੱਚਿਆਂ ਦੇ ਟੋਟਿਆਂ ਦੇ ਹਾਰ ਪੁਆ ਪੁਲਾਂਘਾਂ ਪੁੱਟਦਿਆਂ ਕਦੇ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਪੁਰਜ਼ਾ ਪੁਰਜ਼ਾ ਕਟਵਾਉਂਦਾ ਠੰਡੇ ਬੁਰਜ ਵੱਲ ਤੁਰਦਾ, ਛੋਟੇ ਵੱਡੇ ਘੱਲੂਘਾਰਿਆਂ ਦੇ ਜੰਗਲਾਂ ਦੀਆਂ ਸੂਲਾਂ ਸਹਿੰਦਾ ਕਦੇ 47ਕਦੇ 84ਪਿੰਡਿਆਂ ਤੇ ਹੰਢਾਉਂਦਾ, ਇਹ ਸਫ਼ਰ ਹੁਣ ਤੱਕ ਵੀ ਜਾਰੀ ਹੈ, ਅਜੇ ਵੀ ਜਾਰੀ ਹੈ।

ਗੁਰੂ ਨਾਨਕ ਜੀ ਤੋਂ ਲੱਗਭਗ ਸਵਾ ਦੋ ਸੌ ਸਾਲ ਬਾਅਦ ਦੇ ਲੰਮੇ ਤੇ ਬਿਖੜੇ ਪੈਂਡੇ ਤਹਿ ਕਰਦਾ ਇਸ ਦਾ ਪਾਂਧੀ ਮਰਦ ਅਗੰਮੜੇ ਦੀ ਅਗਵਾਈ ਵਿੱਚ ਅੱਠ ਮਹੀਨੇ ਦੇ ਘੇਰੇ ਬਾਅਦ ਅਨੰਦ ਪੁਰ ਸਾਹਿਬ ਤੋਂ ਸ਼ਹਾਦਤਾਂ ਵੱਲ ਤੁਰਿਆ ਇਹ ਕਾਫਲਾ।ਸਭ ਤੋਂ ਪਹਿਲਾਂ ਤਾਂ ਇਹ ਸੁਆਲ ਹੈ ਕਿ ਅਨੰਦ ਪੁਰ ਸਾਹਿਬ ਨੂੰ ਘੇਰਾ ਕਿਉਂ ਪਿਆ। ਔਰੰਗਜ਼ੇਬ ਦਾ ਸ਼ਾਹੀ ਫੁਰਮਾਨ ਸੀ ਕਿ ਕੋਈ ਵੀ ਵਧੀਆ ਨਸਲ ਦੇ ਹਾਥੀ ਜਾਂ ਘੋੜੇ ਨਹੀਂ ਰੱਖ ਸਕਦਾ। ਕਲਗੀ ਨਹੀਂ ਲਾ ਸਕਦਾ ਅਤੇ ਨਗਾਰਾ ਨਹੀਂ ਵਜਾ ਸਕਦਾ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗੁਲਾਮੀ ਤੋਂ ਇਨਕਾਰੀ ਹੋ ਦਸਤਾਰ ਸਜਾ ਕੇ ਕਲਗ਼ੀ ਵੀ ਲਾਈ,ਹਾਥੀ, ਘੋੜੇ ਅਤੇ ਬਾਜ਼ ਵੀ ਰੱਖਿਆ।ਜੰਗੀ ਅਭਿਆਸ ਵੀ ਸ਼ੁਰੂ ਕੀਤੇ ਜਿਨ੍ਹਾਂ ਨੂੰ ਹੋਲਾ ਮਹੱਲਾ ਦਾ ਨਾਂ ਦਿੱਤਾ ਭਾਵ ਹੱਲਾ ਕਰਨਾ ਅਤੇ ਰੋਕਣਾ। ਰਣਜੀਤ ਨਗਾਰੇ ਦੀ ਧਮਕ ਨੇ ਪਹਾੜੀ ਵਾਦੀਆਂ ਨੂੰ ਕੰਬਣੀ ਛੇੜ ਦਿੱਤੀ।

ਗੁਰੂ ਸਾਹਿਬ ਜੀ ਦਾ ਸ਼ਾਹੀ ਜਾਹੋਜਲਾਲ ਦੇਖ ਕੇ ਪਹਾੜੀ ਰਾਜਿਆਂ ਦੇ ਮਨ ਵਿੱਚ ਈਰਖਾ ਹੋਈ।ਰਾਜਾ ਭੀਮ ਚੰਦ, ਜਿਸ ਦੇ ਦਾਦੇ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਛੁਡਾ ਕੇ ਲਿਆਏ ਸਨ ਨੇ 22 ਧਾਰ ਦੇ ਰਾਜਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਉਕਸਾਇਆ, ਭੜਕਾਇਆ ਅਤੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ ਕਿ ਤੇਰੀ ਗੱਦੀ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੂੰ ਅਨੰਦ ਪੁਰ ਸਾਹਿਬ ਤੋਂ ਕੱਢਣ ਦੀ ਚਾਲ ਹਿੱਤ ਘੇਰਾ ਪਾ ਲਿਆ।ਅੱਠ ਮਹੀਨੇ ਘੇਰਾ ਪਾਈ ਰੱਖਿਆ ਪਰ ਕਿਸੇ ਪਾਸੇ ਵੀ ਕੋਈ ਵਾ ਨਾਂ ਜਾਂਦੀ ਦੇਖ ਹਿੰਦੂ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਅਤੇ ਮੂੰਹ ਵਿੱਚ ਘਾਹ ਦਾ ਤਿਣਕਾ ਲੈ ਪੰਡਿਤ ਪਰਮਾਨੰਦ ਨੂੰ ਸਹੁੰ ਖਾਣ ਲਈ ਭੇਜਿਆ ਅਤੇ ਔਰੰਗਜ਼ੇਬ ਨੇ ਪਵਿੱਤਰ ਕੁਰਾਨ ਤੇ ਦਸਤਖ਼ਤ ਕਰਕੇ ਖ਼ੁਦਾ ਦੀ ਕਸਮ ਖਾਧੀ ਕਿ ਤੁਸੀਂ ਇੱਕ ਵਾਰੀ ਅਨੰਦ ਪੁਰ ਸਾਹਿਬ ਛੱਡ ਜਾਓ ਤੁਹਾਨੂੰ ਕੁਝ ਵੀ ਨਹੀਂ ਕਿਹਾ ਜਾਵੇਗਾ।

### ਅਨੰਦ ਪੁਰ ਸਾਹਿਬ ਵਿੱਚ ਅਖੀਰਲੀ ਰਾਤ

ਗੁਰੂ ਗੋਬਿੰਦ ਸਿੰਘ ਜੀ ਕੁਝ ਸਿੰਘਾਂ ਸਮੇਤ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਸਸਕਾਰ ਵਾਲੀ ਥਾਂ ਜਾ ਕੇ ਕਹਿੰਦੇ ਹਨ ਆਓ ਭਾਈ ਅਰਦਾਸਾ ਸੋਧ ਲਈਏ ਅਤੇ ਗੁਰੂ ਪਿਤਾ ਤੋਂ ਜਾਣ ਦੀ ਆਗਿਆ ਲੈ ਲਈਏ। ਮਹੌਲ ਵਿੱਚ ਹਰ ਪਾਸੇ ਸੰਨਾਟਾ ਹੈ।

ਮਾਹੀ ਦੇ ਵਿਛੋੜੇ ਵਾਲੀ ਰਾਤ ਆਈ ਕਹਿਰ ਦੀ,
ਗਲੀ ਗਲੀ ਰੋਈ ਏ ਅਨੰਦ ਪੁਰ ਸ਼ਹਿਰ ਦੀ।
ਧੂੜ ਨਾ ਲੱਭਣੀ ਸਾਹਿਬਜ਼ਾਦਿਆਂ ਦੀ ਪੈੜ ਦੀ,
ਗਲੀ ਗਲੀ ਰੋਈ ਏ ਅਨੰਦ ਪੁਰ ਸ਼ਹਿਰ ਦੀ।

ਮੀਂਹ ਪੈ ਰਿਹਾ ਹੈ। ਤਕਰੀਬਨ 700 ਸਿੰਘਾਂ ਸਮੇਤ ਕਿਲ੍ਹਾ ਛੱਡਦੇ ਹਨ। ਸਾਰੀਆਂ ਸਹੁੰਆ ਵਾਅਦੇ ਛਿੱਕੇ ਟੰਗ ਦੁਸ਼ਮਣ ਹਮਲਾ ਕਰ ਦਿੰਦਾ ਹੈ। ਸਰਸਾ ਨਦੀ ਵੀ ਉਛੱਲੀ ਹੋਈ ਹੈ। ਬਹੁਤ ਸਾਰਾ ਕੀਮਤੀ ਸਮਾਨ ਅਤੇ ਕਵੀਆਂ ਦੇ ਲਿਖੇ ਗ੍ਰੰਥ ਵੀ ਸਰਸਾ ਦੀ ਭੇਟ ਚੜ੍ਹ ਗਏ।ਸਰਸਾ ਪਾਰ ਕਰਦਿਆਂ ਅੰਮ੍ਰਿਤ ਵੇਲਾ ਹੋ ਜਾਂਦਾ ਹੈ ਤਾਂ ਗੁਰੂ ਸਾਹਿਬ ਹੱਲਾ ਰੋਕਣ ਲਈ ਮਨੁੱਖੀ ਸਰੀਰਾਂ ਦੀ ਦੀਵਾਰ ਬਣਾ ਨਿੱਤਨੇਮ ਅਤੇ ਆਸਾ ਜੀ ਕੀ ਵਾਰ ਦਾ ਕੀਰਤਨ ਕਰਦੇ ਹਨ। ਇਥੇ 250 ਦੇ ਕਰੀਬ ਸਿੰਘ ਸ਼ਹੀਦ ਹੋ ਜਾਂਦੇ ਹਨ ਜਿਨ੍ਹਾਂ ਵਿਚ ਭਾਈ ਜੈਤਾ ਜੀ, ਭਾਈ ਉਦੈ ਸਿੰਘ ਜੀ ਅਤੇ ਸ਼ਹੀਦ ਬੀਬੀ ਭਿੱਖਾ ਜੀ ਵੀ ਸਨ। ਇਥੇ ਹੀ ਪਰਿਵਾਰ ਵਿਛੋੜ ਕੇ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਮਾਤਾਵਾਂ ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜ ਦਿੱਤਾ ਗਿਆ। ਮਾਤਾ ਗੁਜਰ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਬਿਖੜੇ ਪੈਂਡੇ ਤਹਿ ਕਰਦੇ ਅਪਣੀ ਮੰਜ਼ਿਲ ਵੱਲ ਤੁਰ ਪਏ।

ਇੱਕ ਕਾਫ਼ਲਾ ਤੁਰਿਆ ਅਨੰਦਪੁਰ ਤੋਂ,
ਥੋੜਾ ਐਸ ਪਾਸੇ ਥੋੜਾ ਓਸ ਪਾਸੇ।
ਚਾਰੇ ਲਾਲ ਦਸਮੇਸ਼ ਨੇ ਵਾਰ ਦਿੱਤੇ,
ਜੋੜਾ ਐਸ ਪਾਸੇ ਜੋੜਾ ਓਸ ਪਾਸੇ।

# ਮਾਘ – ਵਿਆਕਰਣਕ ਵਿਚਾਰ

ਡਾ. ਚਮਕੌਰ ਸਿੰਘ ਬਰਾੜ, ਸੈਨ ਡੀਏਗੋ ਕੈਲੀਫੋਰਨੀਆ (ਅਮਰੀਕਾ)



ਗੁਰਬਾਣੀ ਵਿਚ ਤਰਕ ਨਾਲ ਸਾਨੂੰ ਤੀਰਥਾਂ ਦੇ ਇਸ਼ਨਾਨ ਤੋਂ ਰੋਕਿਆ ਹੈ। ਵਪਾਰੀ, ਪੁਜਾਰੀ ਤੇ ਪਰਚਾਰੀ ਜੋਰ ਲਾਉਂਦੇ ਹਨ ਕਿ ਮਾਘ ਦੀ ਸੰਗਰਾਂਦ ਪਵਿੱਤਰ ਹੁੰਦੀ ਹੈ। ਮਕਸਦ ਹੈ ਜਨਤਾ ਨੂੰ ਬੁਧੂ ਬਣਾਉਣਾ।

ਬਾਰਹ ਮਾਹ ਮਾਝ ਮਹਲਾ 5 (ਪੰਨਾ 136)
ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥

ਪਰੰਪਰਾ ਹੈ ਕਿ ਇਸ ਦਿਨ ਤੀਰਥ ਇਸ਼ਨਾਨ ਕਰਿਆਂ ਪਵਿੱਤਰ ਹੋ ਜਾਈਦਾ ਹੈ। ਹਿੰਦੂ ਗ੍ਰੰਥਾਂ ਅਨੁਸਾਰ ਦੇਵਤੇ ਇਸ ਦਿਨ ਸਿਆਲ ਤੋਂ ਪਹਿਲੇ ਦਿਨ ਜਾਗ ਕੇ ਪੋਹ ਦੀ ਅਖੀਰਲੀ ਰਾਤ ਨੂੰ ਅਗਨ ਦੇਵਤੇ ਦੀ ਪੂਜਾ ਕਰਦੇ ਹਨ। ਗੁਰੂ ਸਾਹਿਬ ਨੇ ਇਸ ਨੂੰ ਨਕਾਰਿਆ ਹੈ ਅਤੇ ਸਾਧੂਆਂ ਦੀ ਸੰਗਤ ਕਰ ਕੇ ਉਹਨਾਂ ਦੇ ਗੁਣ ਅਪਣਾਉਣ ਨੂੰ ਅਸਲੀ ਇਸ਼ਨਾਨ ਕਿਹਾ ਹੈ। ਹਰ ਘੜੀ, ਪਲ, ਦਿਨ, ਮਹੀਨਾ ਪ੍ਰਭੂ ਦੀ ਨਿਗਾਹ ਵਿਚ ਇਕੋ ਜਿਹੇ ਹਨ। ਉਹੀ ਸਮਾ ਚੰਗਾ ਹੈ ਜਦੋਂ ਪ੍ਰਭੂ ਕਿਸੇ ਤੇ ਮਿਹਰ ਕਰੇ। ਮਜਨੁ–ਇਸ਼ਨਾਨ, ਸਿੰਬੋਲਕ ਹੈ ਗੁਣਾਂ ਦਾ (ਕਰਮ ਕਾਰਕ)। ਸੰਗਿ–ਸਾਥ (ਅਧਿਕਰਨ ਕਾਰਕ), ਸਾਧੂਆ–(ਸਬੰਧ ਕਾਰਕ)। ਧੂੜੀ–ਮਿੱਟੀ ਵਾਂਗ ਸਮਰਪਿਤ, (ਸੰਬੰਧ ਕਾਰਕ)। ਕਰਿ (ਹੁਕਮੀ ਭਵਿੱਖਤ ਦੀ ਕਿਰਿਆ)। ਇਸਨਾਨੁ – (ਕਰਮ ਕਾਰਕ)।

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥

ਸਾਧੂਆਂ ਤੋਂ ਪ੍ਰਭੂ ਦਾ ਨਾਮ ਸੁਣੋ ਅਤੇ ਹੋਰਨਾ ਨੂੰ ਇਸ ਦਾ ਦਾਨ ਦਿਓ। ਇਹੋ ਸੱਚਾ ਇਸ਼ਨਾਨ ਹੈ। ਹਰ ਕਾ ਨਾਮੁ (ਕਰਮ ਕਾਰਕ), ਧਿਆਇ–ਹਿਰਦੇ ਵਿਚ ਵਸਾ ਕੇ (ਹੁਕਮੀ ਭਵਿੱਖਤੀ ਕਿਰਿਆ), ਸੁਣਿ (ਪੂਰਬ ਪੂਰਨ ਕ੍ਰਿਦੰਤ), ਸਭਨਾ ਨੂੰ (ਅਨਿਸ਼ਚਿਤ ਪੜਨਾਂਵ, ਬਹੁਵਚਨ, ਸੰਪਰਦਾਨ), ਕਰਿ–ਵੰਡ ਦੇ (ਹੁਕਮੀ ਭਵਿੱਖਤ ਦੀ ਕਿਰਿਆ), ਦਾਨੁ (ਕਰਮ ਕਾਰਕ)।

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥

ਇੰਜ ਵਿਕਾਰੀ ਕੰਮਾਂ ਦੀ ਮੈਲ ਉੱਤਰਦੀ ਹੈ ਅਤੇ ਮਨ ਦਾ ਗੁਮਾਨ ਮੁੱਕਦਾ ਹੈ। ਜਨਮ (ਸੰਬੰਧ ਕਾਰਕ), ਕਰਮ–ਕੰਮ (ਸੰਬੰਧ ਕਾਰਕ), ਮਲੁ (ਕਰਮ ਕਾਰਕ), ਉਤਰੈ –(ਵਰਤਮਾਨ ਕਾਲ ਦੀ ਕਿਰਿਆ)। ਮਨ ਤੇ–(ਅਪਾਦਾਨ ਕਾਰਕ), ਜਾਇ (ਵਰਤਮਾਨ ਕਾਲ ਇਕ ਵਚਨ ਦੀ ਕਿਰਿਆ), ਗੁਮਾਨ–ਹੰਕਾਰ।

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥

ਜਿਨਾਂ ਨੂੰ ਪ੍ਰਭੂ ਮਿਲ ਪਇਆ ਹੈ, ਗੁਰੂ ਸਾਹਿਬ ਉਹਨਾਂ ਤੋਂ ਕੁਰਬਾਨ ਜਾਂਦੇ ਹਨ। ਜਿਨਾ (ਸੰਬੰਧਕ ਪੜਨਾਂਵ, ਕਰਮ ਕਾਰਕ), ਮਿਲਿਆ—(ਭੂਤ ਕ੍ਰਿਦੰਤ), ਆਪਣਾ (ਨਿਜ ਵਾਚਕ ਪੜਨਾਂਵ), ਨਾਨਕ (ਸੰਬੋਧਨ)।

ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਉਹ ਹੀ ਮਨੁੱਖ ਪਵਿੱਤਰ ਕਹੀਦੇ ਹਨ ਜਿਨਾਂ ਉਪਰ ਪੂਰਾ ਗੁਰੂ ਮਿਹਰਵਾਨ ਹੁੰਦਾ ਹੈ। ਮਾਘਿ (ਅਧਿਰਣ ਕਾਰਕ), ਸੁਚੇ (ਗੁਣ ਵਿਸ਼ੇਸ਼ਣ), ਕਾਂਢੀਅਹਿ-ਆਖੇ ਜਾਂਦੇ (ਵਰਤਮਾਨ, ਕਰਮਨੀ ਵਾਚ ਕਿਰਿਆ), ਪੂਰਾ (ਗੁਣ ਵਿਸ਼ੇਸ਼ਣ), ਗੁਰੂ (ਕਰਤਾ)।

ਤੁਖਾਰੀ ਮਹਲਾ-1 (ਪੰਨਾ 1109)

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਮਾਘ ਵਿਚ ਉਹ ਹੀ ਪਵਿੱਤਰ ਹੈ ਜਿਸ ਨੇ ਆਪਣੇ ਅੰਦਰ ਦੇ ਤੀਰਥ (ਸੱਚ ਨੂੰ) ਸਮਝਿਆ ਹੈ।ਪੁਨੀਤ—ਪਵਿੱਤਰ (ਵਿਸ਼ੇਸ਼ਣ ਨੂੰ ਨਾਂਵ ਬਣਾ ਕੇ ਵਰਤਿਆ ਹੈ), ਭਈ-ਹੋ ਗਈ (ਭੂਤ ਕਾਲ ਦੀ ਕਿਰਿਆ), ਤੀਰਥੁ (ਅੰਦਰਲੇ ਸੱਚ ਨੂੰ (ਕਰਮ ਕਾਰਕ), ਅੰਤਰਿ-ਅੰਦਰਲੀ ਸੋਚ (ਅਧਿਕਰਨ ਕਾਰਕ), ਜਾਨਿਆ।

ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥

ਇਸ ਤਰ੍ਹਾਂ ਨਾਲ ਕਾਮ ਕਰੋਧ ਮੋਹ ਨਹੀਂ ਸਕਦਾ। ਲੋਭ ਕੁਤਾ ਖਤਮ ਹੋ ਜਾਂਦਾ ਹੈ। ਨ ਮੋਹੀਐ - (ਸੰਭਾਵ ਭਵਿੱਖਤ ਕਾਲ ਦੀ ਕਿਰਿਆ), ਬਿਨਸੈ-ਖਤਮ ਹੋ ਜਾਂਦੇ ਹਨ (ਵਰਤਮਾਨ ਕਾਲ ਦੀ ਕਿਰਿਆ), ਲੋਭੁ ਸੁਆਨੁ-ਕੁੱਤੇ ਵਰਗਾ ਲੋਭ (ਕਰਮ ਕਾਰਕ)।

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥

ਸਚੈ (ਸੰਬੰਧ ਕਾਰਕ), ਚਲਦਿਆ (ਵਰਤਮਾਨ ਕ੍ਰਿਦੰਤ, ਨਾਂਵ, ਕਰਨ ਕਾਰਕ), ਉਸਤਤਿ (ਸੰਯੁਕਤ ਕਿਰਿਆ)।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

ਜੀਵਾਂ ਤੇ ਦਇਆ ਕਰਨਾ ਹੀ 68 ਤੀਰਥਾਂ ਦੇ ਇਸ਼ਨਾਨ ਅਤੇ ਪੁੰਨ ਦਾਨ ਹੈ। ਅਠਸਠ (ਸੰਖਿਅਕ ਵਿਸ਼ੇਸ਼ਣ), ਤੀਰਥ (ਕਰਮ ਕਾਰਕ, ਬਹੁਵਚਨ), ਸਗਲ-ਸਾਰੇ (ਵਿਸ਼ੇਸ਼ਣ), ਪੁੰਨ-ਦਾਨ (ਕਰਮ ਕਾਰਕ), ਜੀਅ (ਅਧਿਕਰਨ ਕਾਰਕ, ਬਹੁਵਚਨ)।

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥

ਜਿਸ ਨੂੰ ਪ੍ਰਭੂ ਮਿਹਰ ਕਰਕੇ ਸਮਝ ਦੇ ਦੇਵੇ, ਉਹ ਹੀ ਮਨੁੱਖ ਸਿਆਣਾ ਹੈ। ਜਿਸਨੋ (ਅਨਿਪੁਰਖ ਪੜਨਾਂਵ), ਦੇਵੈ (ਵਰਤਮਾਨ ਦੀ ਕਿਰਿਆ), ਸੋਈ (ਪੜਨਾਂਵੀ ਵਿਸ਼ੇਸ਼ਣ) ਪੁਰਖੁ (ਕਰਤਾ), ਸੁਜਾਨ (ਵਿਸ਼ੇਸ਼ਣ)।

ਉਹ ਸੱਜਣ ਪਿਆਰੇ ਨੂੰ ਮਿਲੇ ਹਨ ਜੋ ਗੁਣਾ ਨੂੰ ਫੜ ਕੇ ਸਰੀਰ ਵਿਚ ਸਮਾ ਲੈਂਦੇ ਹਨ। ਸਹਜਿ-ਅਨੰਦ ਵਿਚ (ਅਧਿਕਰਨ ਕਾਰਕ), ਗੁਣ (ਕਰਮ ਕਾਰਕ), ਗਹਿ-ਅਪਣਾ ਕੇ, ਅੰਕਿ-ਸਰੀਰ ਵਿਚ (ਮੈਟਾਫਰ, ਅਧਿਕਰਨ ਕਾਰਕ), ਸੰਮਾਨਿਆ-ਸਮਾ ਲਇਆ।

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ
ਭਾਵਾ ਸਰਿ ਨਾਵਾ॥

ਤੇਰੇ ਗੁਣ ਸੁਣ ਕੇ, ਅਪਣਾ ਕੇ, ਤੇਰੀ ਰਜ਼ਾ ਵਿਚ ਰਹਿਆਂ ਸਰੋਵਰ ਵਿਚ ਇਸ਼ਨਾਨ ਹੋ ਜਾਂਦਾ ਹੈ। ਪ੍ਰੀਤਮ (ਸੰਬੰਧ ਕਾਰਕ), ਸੁਣਿ (ਪੂਰਬ ਪੂਰਨ ਕ੍ਰਿਦੰਤ), ਪ੍ਰਭੂ (ਸੰਬੋਧਨ ਕਾਰਕ), ਬੰਕੇ-ਪਿਆਰੇ (ਗੁਣ ਵਾਚਕ ਵਿਸ਼ੇਸ਼ਣ), ਤੁਧੁ-ਤੈਨੂੰ (ਕਰਮ ਕਾਰਕ), ਭਾਵਾ (ਉਚਾਰਨ ਨਾਸਕੀ, ਸੰਭਾਵੀ ਭਵਿੱਖਤ ਕਾਲ ਉੱਤਮ ਪੁਰਖ ਦੀ ਕਿਰਿਆ), ਸਰਿ-ਨਾਮ ਦੇ ਸਰੋਵਰ ਵਿਚ (ਅਧਿਕਰਨ ਕਾਰਕ), ਨਾਵਾ-ਇਸ਼ਨਾਨ ਕਰਾਂ (ਸੰਭਾਵੀ ਭਵਿੱਖਤ ਕਾਲ ਉੱਤਮ ਪੁਰਖ ਦੀ ਕਿਰਿਆ)।

ਗੰਗ ਜਮੁਨ ਤਹ ਬੇਣੀ ਸੰਗਮ ਸਾਤ
ਸਮੁੰਦ ਸਮਾਵਾ ॥

ਇਹ ਹੀ ਗੰਗਾ ਜਮਨਾ ਤ੍ਰਿਬੈਣੀ ਵਿਚ ਇਸ਼ਨਾਨ ਹੈ। ਇਹ ਹੀ ਸੱਤਾਂ ਸਮੁੰਦਰਾ ਵਿਚ ਸਮਾਉਣਾ ਹੈ। ਤਹ-ਜਿੱਥੇ (ਉਚਾਰਨ ਤ੍ਹਾ, ਸਥਾਨ ਵਾਚੀ ਕਿਰਿਆ ਵਿਸ਼ੇਸ਼ਣ), ਬੇਣੀ-ਤ੍ਰਿਬੈਣੀ (ਖਾਸ ਨਾਂਵ), ਸੰਗਮ-ਜੋੜ, ਸਾਤ-7 (ਨਿਸ਼ਚਤ ਸੰਖਿਅਕ ਵਿਸ਼ੇਸ਼ਣ) ਸਮੁੰਦ—ਸਮੁੰਦਰਾਂ ਵਿਚ, ਸਮਾਵਾ-ਸਮਾ ਜਾਵਾ (ਉੱਤਮ ਪੁਰਖ ਇਕ ਵਚਨ ਦੀ ਸੰਭਾਵ ਭਵਿੱਖਤ ਕਾਲ ਦੀ ਕਿਰਿਆ)।

ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ
ਏਕੋ ਜਾਤਾ ॥

ਪਰਮੇਸ਼ਰੁ ਨੂੰ ਹਰ ਜੁਗ ਵੇਲੇ, ਹਰ ਥਾਂ ਤੇ ਇਕ ਹੀ ਜਾਣ ਜਾਣਾਂ ਅਸਲ ਪੂਜਾ ਅਤੇ ਪੁੰਨਦਾਨ ਹੈ। ਪੁੰਨ ਦਾਨ ਪੂਜਾ (ਕਰਤਾ ਕਾਰਕ), ਪਰਮੇਸਰੁ (ਸੰਪਰਦਾਨ ਕਾਰਕ), ਜੁਗਿ ਜੁਗਿ—ਹਰ ਸਮੇਂ (ਕਾਲ ਵਾਚੀ ਕਿਰਿਆ ਵਿਸ਼ੇਸ਼ਣ), ਏਕੋ-ਇਕ ਪ੍ਰਭੂ ਨੂੰ (ਕਰਮ ਕਾਰਕ) ਜਾਤਾ (ਭੂਤ ਕ੍ਰਿਦੰਤ)।

ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ ॥੧੫॥

ਮਾਘ ਦੇ ਮਹੀਨੇ ਵਿਚ ਸਭ ਤੋਂ ਅਨੰਦ ਹੈ ਪ੍ਰਭੂ ਦੇ ਗੁਣਾ ਨੂੰ ਅਪਣਾਉਣ ਵਿਚ। ਇਹ ਹੀ 68 ਤੀਰਥਾ ਦਾ ਸ਼ਿਨਾਨ ਹੈ। ਹੋਰ ਕਿਸੇ ਫਰਜ਼ੀ 68 ਤੀਰਥਾਂ ਦੇ ਇਸ਼ਨਾਨ ਦੀ ਲੋੜ ਨਹੀਂ ਹੈ। ਮਹਾ-ਵੱਡਾ (ਪ੍ਰਮਾਣ ਵਾਚਕ ਵਿਸ਼ੇਸ਼ਣ), ਰਸੁ-ਅਨੰਦੁ (ਕਰਮ ਕਾਰਕ), ਹਰਿ—ਹਰੀ ਨੂੰ (ਸੰਪਰਦਾਨ ਕਾਰਕ), ਜਪਿ—ਜਪ ਕੇ ਭਾਵ ਅਪਣਾ ਕੇ (ਪੂਰਬ ਪੂਰਨ ਕ੍ਰਿਦੰਤ), ਨਾਤਾ-ਇਸ਼ਨਾਨ ਕਰ ਲਇਆ (ਭੂਤ ਕ੍ਰਿਦੰਤ ਪਰ ਵਰਤਿਆ ਹੈ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ)॥

ਜਿਸ ਨੇ ਆਪਣੇ ਅੰਦਰ ਝਾਤੀ ਮਾਰ ਲਈ ਉਸ ਨੇ ਮਾਘ ਦਾ ਇਸ਼ਨਾਨ ਕਰ ਲਇਆ ਹੈ। ਪ੍ਰਭੂ ਗੁਣਾ ਦਾ ਭੰਡਾਰ ਆਪਣੀ ਸੋਚ ਵਿਚ ਅਪਣਾ ਕੇ ਜੀਵਨ ਦਾ ਆਤਮਿਕ ਅਨੰਦ ਮਾਣ ਲਇਆ ਹੈ ਉਸ ਨੂੰ 68 ਤੀਰਥਾਂ ਦੇ ਇਸ਼ਨਾਨ ਦੀ ਲੋੜ ਨਹੀਂ ਹੈ। ਨਾ ਹੀ ਉਸ ਨੂੰ ਕਿਸੇ ਪੁੰਨ ਦਾ ਜਾਂ ਪੂਜਾ ਦੀ ਲੋੜ ਹੈ।

## 'ਜਾਪੁ' ਸਾਹਿਬ ਵਿਚ ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਬੇਨਤੀਆਂ ਲਈ ਵਰਤੇ

## ਸ਼ਬਦ ਤੇ ਤੁਕਾਂ : ਭਾਗ – 1

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)



ਗੁਰੂ ਗੋਬਿੰਦ ਸਿੰਘ ਜੀ ਵਲੋਂ ਉਚਾਰੀ ਬਾਣੀ 'ਜਾਪੁ' ਸਾਹਿਬ ਵਿਚ ਅਕਾਲ ਪੁਰਖ ਅਗੇ ਅਰਦਾਸ ਲਈ ਅਨੇਕਾਂ ਨਾਮ, ਮਹਿਮਾਵਾਂ ਅਤੇ ਬੇਨਤੀਆਂ ਦੇ ਸ਼ਬਦ ਵਰਤੇ ਗਏ ਹਨ। ਇਨੇਂ ਵੱਖ ਵੱਖ ਤਰੀਕਿਆਂ ਨਾਲ ਅਕਾਲ ਪੁਰਖ ਨੂੰ ਯਾਦ ਕਰਨਾ ਜੀਵਾਂ ਦੀ ਸਮਝ ਤੋਂ ਕਿਤੇ ਉਪਰ ਹੈ ਅਤੇ ਗੁਰੂ ਜੀ ਦੀ ਕਾਵਿ ਅਤੇ ਸ਼ਬਦਾਵਲੀ ਦੀ ਹੈਰਾਨੀਜਨਕ ਸਮਰੱਥਾ ਤੇ ਵਿਲੱਖਣਤਾ ਦਰਸਾਉਂਦੀ ਹੈ। ਬਾਣੀ ਲਿਖਣ ਲਈ ਛਪੈ, ਭੁਜੰਗ ਪ੍ਰਯਾਤ, ਚਾਚਰੀ, ਚਰਪਟ, ਰੂਆਲ, ਮਧੁਭਾਰ, ਭਗਵਤੀ, ਰਸਾਵਲ, ਹਰਿਬੋਲਮਨਾ, ਅਤੇ ਏਕ ਅਛਰੀ ਛਦ ਵਰਤੇ ਹਨ। ਕਈ ਛੰਦ ਇਕ ਤੋਂ ਵੱਧ ਥਾਵਾਂ ਤੇ ਵੀ ਵਰਤੇ ਹਨ।

ਇਸ ਲੇਖ ਵਿਚ ਜਾਪੁ ਸਾਹਿਬ ਵਿਚ ਵਰਤੇ ਨਾਵਾਂ, ਮਹਿਮਾਵਾਂ ਅਤੇ ਬੇਨਤੀਆਂ ਦੇ ਢੰਗਾਂ ਨੂੰ ਹਿਸਿਆਂ ਵਿਚ ਵੰਡਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਸੰਖੇਪਤਾ ਲਈ ਜਦੋਂ ਕਿਸੇ ਹਿਸੇ ਵਿਚ ਹਰ ਨਾਂ, ਮਹਿਮਾਂ ਜਾਂ ਬੇਨਤੀ ਦੇ ਢੰਗ ਤੋਂ ਪਹਿਲਾਂ ਜਾਂ ਪਿਛੋਂ ਕੋਈ ਸ਼ਬਦ ਦੁਹਰਾਇਆ ਗਿਆ ਹੈ ਤਾਂ ਉਹ ਸ਼ਬਦ ਅਰੰਭ ਵਿਚ ਲਿਖਣ ਕਾਰਣ ਦੋ ਵਾਰ ਨਹੀਂ ਲਿਖਿਆ। ਹਰ ਤੁਕ ਦਾ ਅੰਤ ॥ ਨਾਲ, ਅਤੇ ਹਰ ਪੌੜੀ ਦਾ ਅੰਤ ਪੌੜੀ ਨੰਬਰ (1, 2, 3 ਵਗੈਰਾ) ਨਾਲ ਦਰਸਾਇਆ ਹੈ। ਜੇਕਰ ਕਿਸੇ ਤੁੱਕ ਵਿਚ ਇਕ ਤੋਂ ਵੱਧ ਨਾਮ, ਮਹਿਮਾਵਾਂ ਜਾਂ ਬੇਨਤੀਆਂ ਹਨ ਤਾਂ ਉਨ੍ਹਾਂ ਨੂੰ ਕੌਮਾ (,) ਪਾ ਕੇ ਵੱਖ ਕੀਤਾ ਹੈ।

ਬਾਣੀ ਦੇ ਅਰੰਭ ਛਪੇ ਛੰਦ ਵਿਚ ਗੁਣ-ਸੂਚਕ ਸ਼ਬਦ ਵਰਤ ਕੇ **ਅਕਾਲ ਪੁਰਖ ਦੀ ਪਰਿਭਾਸ਼ਾ ਨਾਲ ਹੈ। ਛੇ ਤੁਕਾਂ ਰਾਹੀ** ਦਰਸਾਇਆ ਹੈ ਕਿ ਅਕਾਲ ਪੁਰਖ ਦੇ ਗੁਣ ਕੀ ਹਨ, ਕੀ ਨਹੀਂ ਹਨ ਤੇ ਕਿਨ੍ਹਾਂ ਗੁਣਾਂ ਬਾਰੇ ਕਹਿ ਨਹੀਂ ਸਕਦੇ।

ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥(ਹੇ ਅਕਾਲ ਪੁਰਖ, *ਤੇਰੇ ਇਹ ਗੁਣ ਕਾਂ ਚਿਨ੍ਹ ਨਹੀਂ ਹਨ*)।

ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ॥ (*ਤੇਰੇ ਰੂਪ, ਰੰਗ, ਰੇਖ ਤੇ ਭਾਖ ਬਾਰੇ ਕੋਈ ਕੁਝ ਨਹੀਂ ਆਖ ਸਕਦਾ* )।

ਅਚਲ ਮੂਰਤਿ, ਅਨਭਉ ਪ੍ਰਕਾਸੁ, ਅਮਿਤੋਜੁ ਕਹਿਜੈ॥ (*ਤੇਰੇ ਗੁਣਾਂ ਬਾਰੇ ਇਹ ਕਹਿੰਦੇ ਹਨ*)।

ਕੋਟਿ ਇੰਦ੍ਰ ਇੰਦ੍ਰਾਨ, ਸਾਹਿ ਸਾਹਾਣਿ ਗਣਿੱਜੈ॥ (*ਤੇਰੇ ਇਹ ਗੁਣ ਗਿਣੇ ਜਾਂ ਮੰਨੇ ਜਾਂਦੇ ਹਨ*)।

ਤ੍ਰਿਭਵਣ ਮਹੀਪ, ਸੁਰ ਨਰ ਅਸੁਰ, ਨੇਤ ਨੇਤ, ਬਨ ਤ੍ਰਿਣ ਕਹਤ॥ (*ਤੇਰੇ ਵਰਗਾ ਕੋਈ ਨਹੀਂ*)। ਤ੍ਵ ਸਰਬ ਨਾਮ ਕਥੈ ਕਵਨ, ਕਰਮ ਨਾਮ ਬਰਨਤ ਸੁਮਤਿ॥1॥ (*ਤੇਰੀ ਮੁਕੰਮਲ ਹਸਤੀ ਨੂੰ ਬਿਆਨ ਕਰਨ ਵਾਲੇ ਸਾਰੇ ਨਾਮ ਕੋਈ ਨਹੀਂ ਦੱਸ ਸਕਦੇ, ਲੋਕਾਂ ਨੇ ਤੇਰੇ ਉਹੀ ਨਾਮ ਦੱਸੇ ਹਨ ਜੋ ਉਹਨਾਂ ਤੇਰੇ ਕੰਮਾਂ ਨੂੰ ਵੇਖ ਕੇ ਬਣਾਏ ਹਨ*)।

ਪਰਿਭਾਸ਼ਾ ਤੋਂ ਅੱਗੇ ਸ਼ਬਦਾਂ ਤੋਂ ਪਹਲਿਾਂ ਨਮਸਤੰ, ਨਮਸਤੰਵ, ਨਮਸਤਸਤ, ਨਮੋਂ ਵਰਤ ਕੇ ਅਕਾਲ ਪੁਰਖ ਅੱਗੇ ਨਮਸਕਾਰ ਕਰਨ ਵਾਲੇ ਸ਼ਬਦ ਤੇ ਤੁਕਾਂ ਭਾਗ-1 ਵਿੱਚ ਦੇ ਰਹੇ ਹਾਂ।

## ਨਮਸਤੰ

ਹੇਠਾਂ ਲਿਖੇ ਹਰ ਸ਼ਬਦਾਂ ਤੋਂ ਪਹਿਲਾਂ 'ਨਮਸਤੰ' ਪੜ੍ਹਨ ਦੀ ਲੋੜ ਹੈ, ਜਿਵੇਂ ਕਿ 'ਅਰੂਪੇ' ਨੂੰ 'ਨਮਸਤੰ ਅਰੂਪੇ' ਪੜ੍ਹਨਾ ਹੈ।

**ਭੁਜੰਗ ਪ੍ਰਯਾਤ ਛੰਦ:** ਅਰੂਪੇ॥ ਅਨੂਪੇ॥2॥ ਅਭੇਖੇ॥ ਅਲੇਖੇ॥ ਅਕਾਏ॥ ਅਜਾਏ॥3॥ ਅਗੰਜੇ॥ ਅਭੰਜੇ॥ ਅਨਾਮੇ॥ ਅਠਾਮੇ॥4॥ ਅਕਰਮ॥ ਅਧਰਮੰ॥ ਅਨਾਮੰ॥ ਅਧਾਮੰ॥5॥ ਅਜੀਤੇ॥ ਅਭੀਤੇ॥ ਅਬਾਹੇ॥ ਅਢਾਹੇ॥6॥ ਅਨੀਲੇ॥ ਅਨਾਦੇ॥ ਅਛੇਦੇ॥ ਅਗਾਧੇ॥7॥ ਅਗੰਜੇ॥ ਅਭੰਜੇ॥ ਉਦਾਰੇ॥ ਅਪਾਰੇ॥8॥ ਸੁ ਏਕੈ॥ ਅਨੇਕੈ॥ ਅਭੂਤੇ॥ ਅਜੂਪੇ॥9॥ ਨ੍ਰਿਕਰਮੇ॥ ਨ੍ਰਿਭਰਮੇ॥ ਨ੍ਰਿਦੇਸੇ॥ ਨ੍ਰਿਭੇਸੇ॥10॥ ਨ੍ਰਿਨਾਮੇ॥ ਨ੍ਰਿਕਾਮੇ॥ ਨ੍ਰਿਧਾਤੇ॥ ਨ੍ਰਿਘਾਤੇ॥11॥ ਨ੍ਰਿਧੂਤੇ॥ ਅਭੂਤੇ॥ ਅਲੋਕੇ॥ ਅਸੋਕੇ॥12॥ ਨ੍ਰਿਤਾਪੇ॥ ਅਥਾਪੇ॥ ਤ੍ਰਿਮਾਂਨੇ॥ ਨਿਧਾਨੇ॥13॥ ਅਗਾਹੇ॥ ਅਬਾਹੇ॥ ਤ੍ਰਿਬਰਗੇ॥ਅਸਰਗੇ॥14॥ ਪ੍ਰਭੋਗੇ॥ ਸੁਜੋਗੇ॥ ਅਰੰਗੇ॥ ਅਭੰਗੇ॥15॥ ਅਗੰਮੇ॥ ਜਲਾਸਰੇ॥ ਨਿਰਾਸਰੇ॥16॥ ਅਜਾਤੇ॥ ਅਪਾਤੇ॥ ਅਮਜਬੇ॥17॥ ਅਭੇਸੇ॥ ਨ੍ਰਿਧਾਮੇ॥ ਨ੍ਰਿਬਾਮੇ॥18॥ਅਭੇਵੈ॥ ਅਜਨਮੇ॥ ਸੁਬਨਮੇ॥21॥ ਅਬਰਨੇ॥ ਅਮਰਨੇ॥23॥ ਜਰਾਰੰ॥ ਕ੍ਰਿਤਾਰੰ॥24॥ ਨ੍ਰਿਸਾਕੇ॥ ਨ੍ਰਿਬਾਕੇ॥ ਰਹੀਮੇ॥ ਕਰੀਮੇ॥25॥ ਅਨੰਤੇ॥ ਮਹੰਤੇ॥ ਸੁਹਾਗੇ॥26॥ ਸਨਾਨੇ॥56॥

## ਨਮਸਤੰਵ

'ਅਕਾਲੇ' ਨੂੰ 'ਨਮਸਤੰਵ ਅਕਾਲੇ' ਪੜ੍ਹਨਾ ਹੈ।

**ਭੁਜੰਗ ਪ੍ਰਯਾਤ ਛੰਦ:**
ਅਕਾਲੇ॥ ਕ੍ਰਿਪਾਲੇ॥2॥ਨ੍ਰਿਨਾਥੇ॥ ਪ੍ਰਮਾਥੇ॥ ਅਗੰਜੇ॥ ਅਭੰਜੇ॥65॥ ਅਕਾਲੇ॥ ਅਪਾਲੇ॥66॥

## ਮਸਤਸਤ

'ਰੰਮੇ' ਨੂੰ *'ਨਮਸਤਸਤ ਰੰਮੇ'* ਪੜ੍ਹਨਾ ਹੈ।

**ਭੁਜੰਗ ਪ੍ਰਯਾਤ ਛੰਦ:**
ਰੰਮੇ॥16॥ ਅਜਬੇ॥17॥ ਦੇਵੈ॥21॥ ਦਯਾਲੇ॥23॥ ਰਾਗੇ॥26॥

## ਨਮੋ (ਨਮਸਕਾਰ)

'ਸਰਬ ਕਾਲੇ' ਨੂੰ 'ਨਮੋ ਸਰਬ ਕਾਲੇ' ਪੜ੍ਹਨਾ ਹੈ।

**ਭੁਜੰਗ ਪ੍ਰਯਾਤ ਛੰਦ:** ਸਰਬ ਕਾਲੇ॥ ਸਰਬ ਦਯਾਲੇ॥ ਸਰਬ ਰੂਪੇ॥ ਸਰਬ ਭੂਪੇ॥19॥ ਸਰਬ ਖਾਪੇ॥ ਸਰਬ ਥਾਪੇ॥ ਸਰਬ ਕਾਲੇ॥ ਸਰਬ ਪਾਲੇ॥20॥ ਸਰਬ ਗਉਨੇ॥ ਸਰਬ ਭਉਨੇ॥ ਸਰਬ ਰੰਗੇ॥ ਸਰਬ ਭੰਗੇ॥22॥ ਕਾਲ ਕਾਲੇ॥23॥ ਸਰਬ ਧੰਧੈ॥ ਸਤ ਅਬੰਧੇ॥24॥ ਸਰਬ ਸੋਖੰ॥ ਸਰਬ ਪੋਖੰ॥ ਸਰਬ ਕਰਤਾ॥ ਸਰਬ ਹਰਤਾ॥27॥ ਜੋਗ ਜੋਗੇ॥ ਭੋਗ ਭੋਗੇ॥ ਸਰਬ ਦਯਾਲੇ॥ ਸਰਬ ਪਾਲੇ॥28॥ਸਰਬ ਮਾਨੇ॥ ਸਮਸਤੀ ਨਿਧਾਨੇ॥ ਦੇਵ ਦੇਵੇ॥ ਅਭੇਖੀ ਅਭੇਵੇ॥44॥ ਕਾਲ ਾਲੇ॥ ਸਰਬ ਪਾਲੇ॥ ਸਰਬ ਗਉਨੇ॥ ਸਰਬ ਭਉਨੇ॥45॥ ਭਾਨ ਭਾਨੇ॥ ਮਾਨ ਮਾਨੇ॥46॥ ਚੰਦ੍ਰ ਚੰਦ੍ਰੇ॥ ਭਾਨ ਭਾਨੇ॥ ਗੀਤ ਗੀਤੇ॥ ਤਾਨ ਤਾਨੇ॥47॥ ਨ੍ਰਿਤ ਨ੍ਰਿਤੇ॥ ਨਾਦ ਨਾਦੇ॥ ਪਾਨ ਪਾਨੇ॥ ਬਾਦ ਬਾਦੇ॥48॥

ਰਾਜ ਰਾਜੇਸ੍ਵਰੰ ਪਰਮ ਰੂਪੇ॥50॥ ਜੋਗ ਜੋਗੇਸ੍ਵਰੰ ਪਰਮ ਸਿਧੇ॥ ਰਾਜ ਰਾਜੇਸ੍ਵਰ ਪਰਮ ਬ੍ਰਿੱਧੇ॥51॥ ਸਸਤ੍ਰ ਪਾਣੇ॥ ਅਸਤ੍ਰ ਮਾਣੇ॥ ਪਰਮ ਗਿਆਤਾ॥ ਲੋਕ ਮਾਤਾ॥52॥ ਜੋਗ ਜੋਗੇਸ੍ਵਰੰ ਪਰਮ ਜੁਗਤੇ॥53॥ ਨਿੱਤ ਨਾਰਾਇਣੇ ਕਰੂ ਕਰਮੇ॥ਪ੍ਰੇਤ ਅਪ੍ਰੇਤ ਦੇਵੇ ਸੁਧਰਮੇ॥54॥ ਰੋਗ ਹਰਤਾ, ਰਾਗ ਰੂਪੇ॥ ਸਾਹ ਸਾਹੰ, ਭੂਪ ਭੂਪੇ॥55॥ ਦਾਨ ਦਾਨੇ, ਮਾਨ ਮਾਨੇ॥ ਰੋਗ ਰੋਗੇ॥56॥ ਮੰਤ੍ਰ ਮੰਤ੍ਰੰ॥ ਜੰਤ੍ਰ ਜੰਤ੍ਰੰ॥ ਇਸਟ ਇਸਟੇ॥ਤੰਤ੍ਰ ਤੰਤ੍ਰੰ॥57॥

ਸਰਬ ਮਾਨੇ॥ ਸਮਸਤੀ ਨਿਧਾਨੇ ॥64॥ਸਰਬ ਦੇਸੇ॥ ਸਰਬ ਭੇਸੇ॥66॥ ਰਾਜ ਰਾਜੇ॥ ਸਾਜ ਸਾਜੇ॥ ਸ਼ਾਹ ਸ਼ਾਹੇ॥ ਮਾਹ ਮਾਹੇ॥67॥ ਗੀਤ ਗੀਤੇ॥ ਪ੍ਰੀਤ ਪ੍ਰੀਤੇ॥ ਰੋਖ ਰੋਖੇ॥ ਸੋਖ ਸੋਖੇ॥68॥ ਸਰਬ ਰੋਗੇ॥ ਸਰਬ ਭੋਗੇ॥ ਸਰਬ ਜੀਤੰ॥ ਸਰਬ ਭੀਤੰ॥69॥ ਸਰਬ ਗਿਆਨੰ॥ ਪਰਮ ਤਾਨੰ॥ ਸਰਬ ਮੰਤ੍ਰੰ॥ ਸਰਬ ਜੰਤ੍ਰੰ॥70॥ ਸਰਬ ਦ੍ਰਿੱਸੰ॥ਸਰਬ ਕ੍ਰਿੱਸੰ॥ ਸਰਬ ਰੰਗੇ॥ ਤ੍ਰਿਭੰਗੀ ਅਨੰਗੇ॥71॥ ਜੀਵ ਜੀਵੰ॥ ਬੀਜ ਬੀਜੇ॥72॥

**ਰਸਾਵਲ ਛੰਦ:**

ਨਰਕ ਨਾਸੇ॥145॥

**ਭੁਜੰਗ ਪ੍ਰਯਾਤ ਛੰਦ:**

ਸੂਰਜ ਸੂਰਜੇ, ਚੰਦ੍ਰ ਚੰਦ੍ਰੇ॥ ਰਾਜ ਰਾਜੇ, ਇੰਦ੍ਰ ਇੰਦ੍ਰੇ॥ ਅੰਧਕਾਰੇ, ਤੇਜ ਤੇਜੇ॥ਬ੍ਰਿੰਦ ਬ੍ਰਿੰਦੇ, ਬੀਜ ਬੀਜੇ ॥185॥ ਰਾਜਸੰ ਤਾਮਸੰ ਸਾਂਤ ਰੂਪੈ॥ਪਰਮ ਤੱਤੰ ਅਤੱਤੰ ਸਰੂਪੇ॥ ਜੋਗ ਜੋਗੇ, ਗਿਆਨ ਗਿਆਨੇ॥ ਮੰਤ੍ਰ ਮੰਤ੍ਰੇ, ਧਿਆਨ ਧਿਆਨੇ॥186॥ਜੁਧ ਜੁਧੇ, ਗਿਆਨ ਗਿਆਨੇ॥ ਭੋਜ ਭੋਜੇ, ਪਾਨ ਪਾਨੇ॥ ਕਲਹ ਕਰਤਾ, ਸਾਂਤ ਰੂਪੇ॥ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥187॥

**ਨੋਟ: ਭਾਗ-2 ਤੇ ਭਾਗ-3 ਅਗਲੇ ਅੰਕਾਂ ਵਿਚ ਪੜ੍ਹੋ ਜੀ।**




## Shabad Guru : Sikhism's Path to Spiritual Enlightenment

Dr. S. Devinder Pal Singh, Mississauga (Canada)

In *Sikhi*, the term *'Shabad Guru'* resonates with a profound significance. 'Shabad' is the Divine Word, while 'Guru' is a Spiritual Teacher or Guide. 'Shabad Guru' represents the Eternal, Divine Wisdom enshrined in the sacred hymns (*Gurbani*) in the Sikh Scripture, Sri Guru Granth Sahib. Shabad Guru is a guiding light, leading to righteousness and spiritual enlightenment.

From the Sikh perspective, the concept of Shabad Guru emphasizes that true spiritual guidance comes from the timeless, universal wisdom in Sri Guru Granth Sahib. When Guru Gobind Singh Sahib, the Tenth Sikh Guru, declared that there would be no human successor after him, he passed on the Guruship to Sri Guru Granth Sahib, now The Eternal Guru for Sikhs. This emphasized the importance of spiritual teachings over any human form.

Shabad Guru is a guide to spiritual enlightenment, ethical living, and realization of oneness of all creation. By reflecting on, and living according to the Shabad, a Sikh engages in self-purification, overcomes ego, and cultivates virtues like humility, compassion, and contentment.



Shabad also serves as a means to transcend worldly attachments and align oneself with the Divine will (*Hukam)*, the ultimate law governing the universe.

Sikhs believe that Shabad Guru is the key to achieving spiritual union with the Divine, or *mukti* (liberation). This is not just freedom from vices but also from the ignorance that clouds one's understanding of true reality. It is the ultimate goal of spirituality, inspiring Sikhs to strive for a deeper connection with the Divine.

Shabad Guru is the living embodiment of the Guru's voice, continually providing guidance, comfort, and illumination to the seeker of wisdom. For Sikhs, Shabad is not just a set of verses but a direct connection to the Divine, an ever-present Guru that transcends time and space.

## ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ : ਭਾਗ - 4
## ਭੂਮੀ ਵਗਿਆਨੀ : ਡਾ. ਨਰਿੰਦਰ ਸਿੰਘ ਰੰਧਾਵਾ (13 ਮਾਰਚ 1927 – 26 ਨਵੰਬਰ 1996)



ਡਾ. ਰੰਧਾਵਾ ਨੇ ਐਗਰੀਕਲਚਰ ਕਾਲਜ ਐਂਡ ਰਿਸਰਚ ਇੰਸਟੀਚਿਊਟ, ਲਾਇਲਪੁਰ ਤੋਂ ਬੀ.ਐਸ.ਸੀ., ਪੰਜਾਬ ਯੂਨੀਵਰਸਿਟੀ ਤੋਂ ਐਮ.ਐਸ.ਸੀ. ਅਤੇ ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਤੋਂ ਪੀ.ਐਚ.ਡੀ. ਤਕ ਦੀ ਸਿਖਿਆ ਲਈ। ਕੇਂਦਰੀ ਸਰਕਾਰੀ ਖੇਤੀਬਾੜੀ ਕਾਲਜ ਲੁਧਿਆਣਾ ਤੋਂ ਸ਼ੁਰੂ ਕਰ ਕੇ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਵਿਚ ਸੀਨੀਅਰ ਪ੍ਰੋਫੈਸਰ, ਮੁਖੀ, ਡੀਂਨ ਤੇ ਡਾਇਰੈਕਟਰ ਬਣੇਂ। ਉਨ੍ਹਾਂ ਨੇ ਚੁਣੌਤੀਆਂ ਨੂੰ ਮੌਕਿਆਂ ਵਜੋਂ ਦੇਖਿਆ। ਬੂਟਿਆਂ ਲਈ ਸੂਖਮ ਪੌਸ਼ਟਿਕ ਤੱਤਾਂ ਦੀ ਸਫਲ ਖੋਜ ਕੀਤੀ। ਜਦੋਂ ਕਣਕ ਦੀ ਫਸਲ ਨੂੰ ਜ਼ਿੰਕ ਦੀ ਘਾਟ ਹੋਈ, ਤਾਂ ਪੰਜਾਬੀ ਵਿੱਚ ਲੱਛਣਾਂ ਅਤੇ ਸੁਧਾਰ ਦੇ ਉਪਾਵਾਂ ਲਈ ਕਿਸਾਨਾਂ ਨਾਲ ਤਾਲਮੇਲ ਬਣਾਇਆਂ।

ਉਨ੍ਹਾਂ ਦੀ ਦ੍ਰਿੜਤਾ ਤੇ ਰਾਸ਼ਟਰੀ ਸਬੰਧਾਂ ਕਰ ਕੇ ਭੂਮੀ ਵਿਗਿਆਨ ਵਿਭਾਗ ਨੂੰ ਇੱਕ ਕੇਂਦਰ ਮਿਲਿਆ। ਪੰਜਾਬ ਸਰਕਾਰ, ਖਾਦ ਉਦਯੋਗ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਗ੍ਰਾਂਟਾਂ ਲਈਆਂ। ਡੀ.ਸੀ.ਐਮ. ਫਰਟੀਲਾਈਜ਼ਰਜ਼ ਤੋਂ 2 ਕਰੋੜ ਰੁਪਏ ਦੀ ਗ੍ਰਾਂਟ ਨਾਲ ਪੀ.ਏ.ਯੂ ਵਿਖੇ ਇੱਕ ਵਿਭਾਗ ਦੀ ਵੱਖਰੀ ਇਮਾਰਤ ('ਡਾ: ਨਰਿੰਦਰ ਸਿੰਘ ਰੰਧਾਵਾ ਮਿੱਟੀ ਪ੍ਰਯੋਗਸ਼ਾਲਾਵਾਂ') ਬਣਾਈ। ਭਾਰਤੀ ਖੇਤੀ ਖੋਜ ਪ੍ਰੀਸ਼ਦ ( ICAR) ਵਿੱਚ ਡਿਪਟੀ ਡਾਇਰੈਕਟਰ ਜਨਰਲ ਬਣੇ। ਖੇਤੀਬਾੜੀ ਯੂਨੀਵਰਸਿਟੀ ਵਿੱਚੋਂ ਡਾਇਰੈਕਟਰ ਜਨਰਲ ਅਤੇ ਭਾਰਤ ਸਰਕਾਰ ਦੇ ਸਕੱਤਰ ਬਣੇ ਪਹਿਲੇ ਵਿਗਿਆਨੀ ਸਨ ਅਤੇ ICAR ਤੋਂ ਯੂਰੋ 200,000 ਦਾ ਕਿੰਗ ਬੌਡਿਨ ਇਨਾਮ ਮਿਲਿਆ।

ਜਦੋਂ ਖੇਤੀਬਾੜੀ ਦੇ ਅੰਕੜਿਆਂ ਦੀ ਲੋੜ ਹੁੰਦੀ ਤਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੀ ਮੀਟਿੰਗਾਂ ਵਿੱਚ ਉਨ੍ਹਾਂ ਵੱਲ ਵੇਖਦੇ। ਉਹ ਦਿਆਲੂ, ਯੋਗਤਾ ਅੱਗੇ ਵਧਾਉਣ ਵਾਲੇ ਅਤੇ ਅਕਾਦਮਿਕ ਲੀਡਰਸ਼ਿਪ ਦੇ ਦੁਰਲੱਭ ਉਦਾਹਰਣ ਸਨ। ਵਿਦਿਆਰਥੀਆਂ ਨੂੰ ਸੰਦੇਸ਼ ਸੀ ਤੁਹਾਡੀ ਮਦਦ ਕਰਾਂਗੇ, ਪਰ ਮੁਲਾਂਕਣ ਦੀ ਸਖ਼ਤੀ ਵਿੱਚ ਕਿਸੇ ਢਿੱਲ ਦੀ ਉਮੀਦ ਨਾ ਕਰੋ। ਖੋਜਾਂ ਵਾਲੇ ਖੇਤਾਂ ਵਿਚ ਜਾਂਦੇ, ਰਾਤ ਦੇਰ ਤੱਕ ਦਫਤਰੀ ਕੰਮ ਕਰਦੇ। ਉਨ੍ਹਾਂ ਨੂੰ ਪਦਮ ਭੂਸ਼ਣ, ਰਾਸ਼ਟਰੀ ਨਾਗਰਿਕ, ਅਤੇ ਰਫੀ ਅਹਿਮਦ ਕਿਦਵਈ ਪੁਰਸਕਾਰਾਂ ਸਮੇਤ ਕਈ ਮਾਨਤਾਵਾਂ ਮਿਲੀਆਂ। ਕਾਨਪੁਰ ਐਗਰੀਕਲਚਰ ਤੇ ਤਕਨੀਕੀ ਯੂਨੀਵਰਸਿਟੀ ਅਤੇ ਪੀ.ਏ.ਯੂ ਵਲੋਂ ਡੀ.ਐਸ.ਸੀ. ਦੀਆਂ ਡਿਗਰੀਆਂ ਮਿਲੀਆਂ। ਉਹ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਅਤੇ ਨੈਸ਼ਨਲ ਅਕੈਡਮੀ ਆਫ ਐਗਰੀਕਲਚਰਲ ਸਾਇੰਸਜ਼ ਦੇ ਫੈਲੋ ਸੀ।

*ਲਿਖਤ: ਡਾ. ਸ੍ਰ. ਕਾਬਲ ਸਿੰਘ, ਐਡਮਿੰਟਨ (ਕੈਨੇਡਾ)*

## ਜੋਤ ਨੂਰਾਨੀ...(ਗੀਤ)

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ: +1 403 404 1450



ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।
ਜਿਸ ਦਾ ਕੁੱਲ ਦੁਨੀਆਂ ਦੇ ਅੰਦਰ, ਹੋਇਆ ਨ੍ਹੀ ਕੋਈ ਸਾਨੀ।

ਸਭ ਦੇ ਸਾਂਝੇ ਸੱਚੇ ਸਤਿਗੁਰ, ਸ਼ੰਕਾ ਸਭ ਦੀ ਲਾਹੀ।
ਭੀਖਣ ਸ਼ਾਹ ਜਾਂ ਕੀਤਾ ਸਜਦਾ, ਦਿਸ ਪਈ ਜੋਤ ਇਲਾਹੀ।
ਜੰਗ ਦੀਆਂ ਇਹ ਖੇਡਾਂ ਖੇਡੇ, ਵਿੱਚ ਮੁੰਡਿਆਂ ਦੀ ਢਾਣੀ
ਭਾਗਾਂ........

ਮੁਰਦਾ ਰੂਹਾਂ ਦੇ ਵਿੱਚ ਉਸਨੇ, ਮੁੜ ਤੋਂ ਪਾਈਆਂ ਜਾਨਾਂ।
ਚਿੜੀਆਂ ਕੋਲੋਂ ਬਾਜ ਤੁੜਾ ਕੇ, ਲਿਖਿਆ ਸੀ ਅਫਸਾਨਾ।
ਉਹਦੇ ਸਿੱਖਾਂ ਦੁਸ਼ਮਣ ਨੂੰ ਵੀ, ਰਣ ਪਿਲਾਇਆ ਪਾਣੀ
ਭਾਗਾਂ.........

ਧਰਮਾਂ ਦੀ ਆਜ਼ਾਦੀ ਖ਼ਾਤਿਰ, ਸਾਇਆ ਸਿਰੋਂ ਮਿਟਾਇਆ।
ਸਾਰਾ ਹੀ ਸਰਬੰਸ ਓਸ ਨੇ, ਕੌਮ ਦੇ ਲੇਖੇ ਲਾਇਆ।
ਰੋਕੀ ਸੀ ਉਸ ਤਲਵਾਰਾਂ ਸੰਗ, ਜ਼ਾਲਿਮ ਦੀ ਮਨਮਾਨੀ
ਭਾਗਾਂ........

ਉਸ ਦੇ ਨਿੱਕਿਆਂ ਵੱਡੇ ਸਾਕੇ, ਜੱਗ ਨੂੰ ਕਰ ਦਿਖਲਾਏ।
ਰੱਤ ਚੁਆ ਕੇ ਨੀਹਾਂ ਦੇ ਵਿੱਚ, ਸਿੱਖੀ ਮਹਿਲ ਬਣਾਏ।
ਜੱਸ ਉਹਦੇ ਨੂੰ ਗਾ ਨਹੀਂ ਸਕਦੀ, 'ਦੀਸ਼' ਦੀ ਕਲਮ ਨਿਮਾਣੀ
ਭਾਗਾਂ......

Kavi Darbar - January 2025.docx


ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਦਸ਼ਮੇਸ਼ ਪਿਤਾ ਦੇ ਪਾਵਨ ਪ੍ਰਕਾਸ਼ ਪੁਰਬ ਅਤੇ ਮਾਘੀ ਦੇ ਦਿਹਾੜੇ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 11 ਜਨਵਰੀ
ਸ਼ਨੀਵਾਰ
ਸਮਾਂ:
9:30 PM ਇੰਡੀਆ
9 AM ਕੈਲਗਰੀ
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਬਲਕਾਰ ਸਿੰਘ ਬੱਲ ਬੁਤਾਲਾ
ਅੰਮ੍ਰਿਤਸਰ
ਕੰਵਲਜੀਤ ਕੌਰ ਕੰਵਲ
ਗੁਰਦਾਸਪੁਰ
ਗੁਰਚਰਨ ਸਿੰਘ ਜੋਗੀ
ਅੰਬਾਲਾ
ਸਰੂਪ ਸਿੰਘ ਮੰਡੇਰ
ਕੈਲਗਰੀ
ਮੱਖਣ ਸਿੰਘ ਸ਼ਰਮਾ ਬੁੱਟਰ
ਮੋਗਾ
ਸੁੰਦਰਪਾਲ ਕੌਰ ਰਾਜਾਸਾਂਸੀ
ਟੋਰੰਟੋ
ਪਿਆਰਾ ਸਿੰਘ ਕੁਦੋਵਾਲ
ਟੋਰੰਟੋ
ਭੁਪਿੰਦਰਪਾਲ ਸਿੰਘ ਰੰਧਾਵਾ
ਐਡਮੰਟਨ
ਅਮਨਪ੍ਰੀਤ ਸਿੰਘ ਦੁਲੱਟ
ਕੈਲਗਰੀ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

## ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਔਨਲਾਈਨ ਅੰਤਰਰਾਸ਼ਟਰੀ ਕਵੀ ਦਰਬਾਰ ਦੀ ਰਿਪੋਰਟ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) : (1 403 404 1450)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਘੀ ਦੇ ਦਿਹਾੜੇ ਨੂੰ ਸਮਰਪਿਤ, 11 ਜਨਵਰੀ ਨੂੰ ਇਹ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਕਈ ਦੇਸ਼ਾਂ ਤੋਂ ਕਵੀ ਜਨ ਔਨਲਾਈਨ ਸ਼ਾਮਲ ਹੋਏ। ਇਹ ਸੋਸਾਇਟੀ ਗੁਰੂ ਜੀ ਦੀ ਚਲਾਈ ਕਵੀ ਦਰਬਾਰਾਂ ਦੀ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਯੋਗਦਾਨ ਪਾ ਰਹੀ ਹੈ।

ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਬਾਰੇ ਚਾਨਣਾ ਪਾਇਆ। ਆਰੰਭ ਟੋਰੰਟੋ ਅਤੇ ਇੰਡੀਆ ਤੋਂ ਜੁੜੀ ਸੰਗਤ ਵਲੋਂ ਗਾਇਨ ਕੀਤੇ ਸ਼ਬਦਾਂ ਨਾਲ ਕੀਤਾ ਗਿਆ। ਕਵੀ ਦਰਬਾਰ ਦੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆ ਹੋਇਆਂ ਗੁਰਦੀਸ਼ ਕੌਰ ਗਰੇਵਾਲ ਅਤੇ ਸੁਜਾਨ ਸਿੰਘ ਸੁਜਾਨ ਨੇ ਕਵੀਆਂ ਦੀ ਜਾਣ ਪਛਾਣ ਕਰਾਉਣ ਉਪਰੰਤ ਸਭ ਨੂੰ ਵਾਰੀ ਵਾਰੀ ਮੰਚ ਤੇ ਆਉਣ ਦਾ ਸੱਦਾ ਦਿੱਤਾ।

ਸ਼ੁਰੂ ਵਿੱਚ ਬੁਤਾਲਾ ਜਿਲ੍ਹਾ ਅੰਮ੍ਰਿਤਸਰ ਤੋਂ ਗਾਇਕ ਬਲਕਾਰ ਸਿੰਘ ਬੱਲ ਨੇ, ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ, 'ਜੋਤ ਨੂਰਾਨੀ' ਸੁਰੀਲੀ ਆਵਾਜ਼ ਵਿੱਚ ਗਾ ਕੇ ਕਵੀ ਦਰਬਾਰ ਦਾ ਮਾਹੌਲ ਸਿਰਜ ਦਿੱਤਾ। ਅੰਬਾਲਾ ਤੋਂ ਪੰਥਕ ਸ਼ਾਇਰ ਗੁਰਚਰਨ ਸਿੰਘ ਜੋਗੀ ਨੇ ਆਪਣੀ ਕਵਿਤਾ 'ਬੇਦਾਵਾ' ਰਾਹੀਂ ਇਸ ਇਤਿਹਾਸਕ ਘਟਨਾ ਦਾ ਦ੍ਰਿਸ਼ ਵਰਣਨ ਕੀਤਾ।

ਟੋਰੰਟੋ ਤੋਂ ਨਾਮਵਰ ਸ਼ਾਇਰ ਪਿਆਰਾ ਸਿੰਘ ਕੁੱਦੋਵਾਲ ਨੇ ਆਪਣੀ ਰਚਨਾ, 'ਉਠੋ ਸੰਤੋ ਬਣੋ ਸਿਪਾਹੀ' ਬੁਲੰਦ ਆਵਾਜ਼ ਵਿੱਚ ਸੰਗਤ ਨਾਲ ਸਾਂਝੀ ਕੀਤੀ। ਇਥੋਂ ਹੀ ਸੁੰਦਰਪਾਲ ਕੌਰ ਰਾਜਾਸਾਂਸੀ ਨੇ, 'ਟੁੱਟੀ ਗੰਢ ਕੇ ਦਾਤਿਆ ਮੇਰੀ', ਕਵਿਤਾ ਰਾਹੀਂ ਮਾਘੀ ਦੇ ਦਿਹਾੜੇ ਨੂੰ ਯਾਦ ਕੀਤਾ। ਐਡਮੰਟਨ ਤੋਂ ਨੌਜਵਾਨ ਗੀਤਕਾਰ ਭੁਪਿੰਦਰਪਾਲ ਸਿੰਘ ਰੰਧਾਵਾ ਨੇ, 'ਮਾਂ ਗੁਜਰੀ ਦੇ ਲਾਲ ਜਿਹਾ, ਲਾਲ ਨਹੀਂ ਕੋਈ ਲੱਭਣਾ', ਗਾ ਕੇ ਸੁਣਾਇਆ। ਕੈਲਗਰੀ ਦੇ ਉਭਰਦੇ ਸ਼ਾਇਰ ਅਮਨਪ੍ਰੀਤ ਸਿੰਘ ਦੁਲੱਟ ਦੀ ਸਿੱਖ ਇਤਿਹਾਸ ਨੂੰ ਬਿਆਨ ਕਰਦੀ ਹੋਈ ਕਵੀਸ਼ਰੀ, 'ਦਸਵੇਂ ਗੁਰਾਂ ਦੀ ਪਾਵਾਂ ਬਾਤ ਸੰਗਤੇ' ਨੂੰ ਉਨ੍ਹਾਂ ਦੇ ਮਾਤਾ ਜੀ ਗੁਰਨਾਮ ਕੌਰ ਨੇ ਸੁਣਾਇਆ।

ਮੇਜ਼ਬਾਨ ਗੁਰਦੀਸ਼ ਕੌਰ ਗਰੇਵਾਲ ਨੇ ਵੀ ਆਪਣੀ ਬੈਂਤ ਛੰਦ ਵਿਚ ਲਿਖੀ ਰਚਨਾ, 'ਸਰਬੰਸ ਦਾਨੀ' ਸੁਣਾਈ ਜਦ ਕਿ ਟੋਰੰਟੋ ਤੋਂ ਉਸਤਾਦ ਸ਼ਾਇਰ ਸੁਜਾਨ ਸਿੰਘ ਸੁਜਾਨ ਨੇ, ਦਸ਼ਮੇਸ਼ ਪਿਤਾ ਦੀ ਲਾਸਾਨੀ ਸ਼ਖ਼ਸੀਅਤ ਨੂੰ, ਬਿਆਨ ਕਰਦੀ ਹੋਈ ਕਵਿਤਾ ਸੁਣਾਈ। ਭੁਪਿੰਦਰ ਪਾਲ ਸਿੰਘ ਨੇ 'ਤਸਵੀਰ ਬਦਲ ਕੇ ਰੱਖ 'ਤੀ ਕੌਮ ਦੀ' ਗੀਤ ਸੁਣਾ ਕੇ, ਜੈਕਾਰਿਆਂ ਦੀ ਗੂੰਜ ਵਿੱਚ, ਕਵੀ ਦਰਬਾਰ ਦੀ ਸਮਾਪਤੀ ਕੀਤੀ। ਡਾ. ਸੁਰਜੀਤ ਸਿੰਘ ਭੱਟੀ ਨੇ ਸਮੂਹ ਕਵੀਆਂ ਦਾ ਧੰਨਵਾਦ ਕਰਦੇ ਹੋਏ, ਸੋਸਾਇਟੀ ਦੇ ਮੈਗਜ਼ੀਨ 'ਸਾਂਝੀ ਵਿਰਾਸਤ' ਲਈ ਇਹ ਰਚਨਾਵਾਂ ਭੇਜਣ ਲਈ ਬੇਨਤੀ ਕੀਤੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੁਝ ਪ੍ਰਸ਼ਨ ਅਤੇ ਉੱਤਰ
(ਲੜੀ ਜੋੜਨ ਲਈ 'ਸਾਂਝੀ ਵਿਰਾਸਤ' ਦੇ ਪਿਛਲੇ ਅੰਕ ਦੇਖੋ ਜੀ)

## Questions and Answers about Sri Guru Granth Sahib (SGGS) Ji
(Please see Earlier Question-Answers in past issues)

ਪ੍ਰਸ਼ਨ 10. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਕਿਸ ਗੁਰੂ ਸਾਹਿਬ ਨੇ ਕਰਵਾਈ ਸੀ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰਵਾਈ ਸੀ ।

Q10. Which Guru Sahib compiled Sri Guru Granth Sahib the second time?

Ans. Sri Guru Gobind Singh Ji compiled Sri Guru Granth Sahib the second time.

ਪ੍ਰਸ਼ਨ 11. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤੋਂ ਲਿਖਾਉਣ ਦੀ ਸੇਵਾ ਲਈ ਸੀ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਲਿਖਾਉਣ ਦੀ ਸੇਵਾ ਲਈ ਸੀ ।

Q11. Whose services did Sri Guru Gobind Singh Ji take for the writing of Sri Guru Granth Sahib when it was compiled the second time?

Ans. Sri Guru Gobind Singh Ji took the services of Bhai Mani Singh Ji for the writing of Sri Guru Granth Sahib when it was compiled the second time.

# ਸਮੇ ਦਾ ਪੁਰਬ-ਨਵੇਂ ਸਾਲ ਦਾ ਪਹਿਲਾ ਦਿਨ

ਪ੍ਰਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਕਰਤਾ ਪੁਰਖ ਨੇ ਸ੍ਰਿਸਟੀ ਦੀ ਸਾਜਨਾ ਸਮੇ ਵਿਚ ਪਤਿਬੰਧਿਤ ਕੀਤੀ ਹੋਈ ਹੈ । ਸਾਰੀ ਉਤਪੱਤੀ ਦਾ ਪ੍ਰਸਾਰ ਕਾਲ ਵਿਚ ਹੋਇਆ ਹੈ ਅਤੇ ਅੰਤ ਕਾਲ ਹੀ ਸਭ ਦਾ ਖਾਤਮਾਂ ਕਰ ਦੇਦਾ ਹੈ :-

ਕਾਲ ਸਭਨ ਕਾ ਕਰਤ ਪਸਾਰਾ, ਅੰਤ ਕਾਲ ਸੋਈ ਖਾਪਨਹਾਰਾ ॥

(ਚੋਬੀਸ ਅਵਤਾਰ -ਦਸਮ ਗ੍ਰੰਥ)

ਗੁਰਬਾਣੀ ਵਿਚ ਸਮੇ ਲਈ ਕਾਲ, ਵੇਲ, ਵੇਲਾ, ਵੱਖਤ, ਅਵਸਰ ਸ਼ਬਦ ਅੰਕਿਤ ਕੀਤੇ ਗਏ ਹਨ। ਸਮੇ ਦੀ ਮਹਾਨਤਾ ਪ੍ਰਗਟ ਕਰਨ ਲਈ ਗੁਰਬਾਣੀ ਵਿਚ ਅਨੇਕ ਰਚਨਾਵਾਂ ਦਰਜ ਹਨ ਜਿਵੇਂ:-

ਸ੍ਰੀਰਾਗ ਪਹਰੇ ਮ: 1, 4, 5, ਦਿਨਰੈਣ -ਮਾਂਝ 5, ਵਾਰ ਸਤ -ਬਿਲਾਵਲ 3, ਥਿਤੀ ਗਉੜੀ ਕਬੀਰ, ਥਿਤੀ -ਬਿਲਾਵਲ 1 ਤੇ ਬਾਰਹਮਾਹਾ ਮਾਝ ਮ: 5 ਤੇ ਬਾਰਹਮਾਹਾ ਤੁਖਾਰੀ ਮ: 1.

ਰਚਨਾ ਦੇ ਆਰੰਭ ਤੋਂ ਹੀ ਕਾਲ ਦਾ ਨਿਰੰਤਰ ਪ੍ਰਵਾਹ ਚਲ ਰਿਹਾ ਹੈ। ਮਨੁੱਖ ਨੇ ਆਪਣੇ ਕਾਰ ਵਿਹਾਰ ਲਈ ਸਮੇ ਦੀਆਂ ਇਕਾਈਆਂ ਨਿਸਚਿਤ ਕੀਤੀਆਂ ਹੋਈਆਂ ਹਨ। ਗੁਰਬਾਣੀ ਵਿਚ ਸਮੇ ਦੀਆਂ ਮੁਢਲੀਆਂ ਇਕਾਈਆਂ ਨੂੰ ਵਿਸੇ, ਚਸੇ ਘੜੀਆਂ, ਪਹਿਰਾਂ ਵਿਚ ਵੰਡਿਆ ਗਿਆ ਹੈ:-

(ਵਿਸੇ-15 ਅੱਖਫ਼ੋਰ, ਚਸਾ-15 ਵਿਸੇ, ਪਲ-30 ਚਸੇ, ਘੜੀ- 60 ਪਲ, ਘੜੀ-24 ਮਿਨਟ) ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥

ਸੂਰਜੁ ਏਕੋ ਰੁਤਿ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ ॥(ਅੰਗ-13)

ਸਮੇ ਦੇ ਪ੍ਰਵਾਹ ਵਿਚ ਜੀਵ ਜਗਤ ਦਾ ਆਵਾਗਉਣ ਚਲ ਰਿਹਾ ਹੈ:-

ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹੁ ਰੁਤੀ ਆਵੈ ਵਾਰ ਵਾਰ ਦਿਨਸ ਰੈਣ ਤਿਵੈ ਸੰਸਾਰ ॥ ਆਵਾਗਉਣ ਕੀਆ ਸੰਸਾਰ ॥ (ਅੰਗ-841)

ਸਮਾ ਆਪਣੀ ਨਿਰੰਤਾਰ ਚਾਲ ਚਲਦਾ ਜਾ ਰਿਹਾ ਹੈ। ਇਸਦਾ ਹਰ ਇਕ ਛਿਨ ਅਮੁੱਲ ਹੈ ਕਿਉਂਕਿ ਇਹ ਬੀਤ ਜਾਣ ਮਗਰੋਂ ਮੁੜ ਹੱਥ ਵਿਚ ਨਹੀਂ ਆਉਂਦਾ। ਭਾਈ ਗੁਰਦਾਸ ਜੀ ਨੇ ਸਮੇ ਦੀ ਮਹਾਨਤਾ ਪ੍ਰਗਟ ਕਰਦਿਆਂ ਫ਼ੁਰਮਾਇਆ ਹੈ :-

ਧੰਨ ਧੰਨ ਘੜੀ ਚਸਾ ਪਹਿਰ, ਧਨ ਧਨ ਥਿਤ ਸੁ ਵਾਰ ਸੁਭਾਗੇ ॥ ਧੰਨ ਧੰਨ ਦੇਹ ਰਾਤ ਹੈ, ਪੱਖ ਮਾਹ ਰੁਤਿ ਸੰਮਤਿ ਜਾਗੇ ॥ ਗਰੁ ਦੁਆਰਰੇ ਆਇਕੈ, ਚਰਨ ਕੰਵਲ ਰਸ ਅੰਮ੍ਰਿਤ ਪਾਗੇ ॥ ਸ਼ਬਦਿ ਸੁਰਤਿ ਲਿਵ ਸਾਧ ਸੰਗਿ, ਅੰਗਿ ਸੰਗਿ ਇਕ ਰੰਗਿ ਸਮਾਗੇ ॥ ਰਤਨ ਮਾਲੁ ਕਰਿ ਕੱਚੇ ਧਾਗੇ ॥ ਵਾਰ 6/17.

ਮਨੁੱਖ ਦੇ ਜੀਵਨ ਵਿਚ ਉਸਨੂੰ ਕਰਤਾ ਪੁਰਖ ਵਲੋਂ ਸਮੇ ਦੇ ਚਸਾ, ਪਹਿਰ, ਦਿਨ-ਰਾਤ, ਪੱਖ ਮਾਹ ਤੇ ਸੰਮਤ ਮੁਬਾਰਕ ਹਨ ਜੇ ਉਹ ਸਤਿਸੰਗਤ ਵਿਚ ਆ ਕੇ ਸਤਿਗੁਰਾਂ ਦੀ ਬਾਣੀ ਦਾ ਅੰਮ੍ਰਿਤ ਪੀਵੇ, ਸਾਧਸੰਗਤ ਵਿਚ ਸ਼ਬਦ ਨਾਲ ਸੁਰਤਿ ਜੋੜਕੇ ਆਪਣੇ ਹਰਿਨਾਮ ਹਿਰਦੇ ਵਿਚ ਵਸਾਏ। ਇਸ ਤਰਾਂ ਕਰਨ ਨਾਲ ਉਸਦੇ ਕੱਚੇ ਧਾਗਿਆਂ ਵਾਕਰ ਸਵਾਸਾਂ ਦੀ ਲੜੀ ਵਿਚ ਨਾਮ ਰੂਪੀ ਰਤਨ ਪਰੋਇਆ ਜਾਵੇਗਾ ।

ਮਨੁੱਖ ਸੰਸਾਰਕ ਮੋਹ ਮਾਇਆ ਵਿਚ ਉਲਝਿਆ ਹੋਣ ਕਰਕੇ ਅਨਮੋਲ ਜੀਵਨ ਦੇ ਸਮੇ ਨੂੰ ਵਿਅਰਥ ਗਵਾਂ ਰਿਹਾਂ ਹੈ। ਮਨੁੱਖ ਦਾ ਦਿਨ-ਰਾਤ, ਘੜੀਆਂ, ਪਹਿਰ, ਮਾਇਆ ਦੇ ਜੰਜਾਲਾ ਵਿਚ ਹੀ ਫੱਸਿਆ ਹੋਇਆ ਹੈ। ਸਰੀਰ ਦੇ ਭੋਗਾਂ ਦੇ ਰਸ ਵਿਚ ਗੜੂੰਦ ਇਹ ਪ੍ਰਤਿ ਦਿਨ ਮਾਇਆ ਜਾਲ ਵਿਚ ਹੋਰ ਫੱਸਦਾ ਜਾ ਰਿਹਾ ਹੈ ।

ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥2॥ (ਅੰਗ- 990).

ਮਨੁੱਖ ਦੀ ਜ਼ਿੰਦਗੀ ਦੇ ਇਸ ਵਿਅਰਥ ਚੱਕਰ ਨੂੰ ਭਾਈ ਗੁਰਦਾਸ ਜੀ ਨੇ ਅਨੇਕ ਉਦਾਹਰਣਾ ਦੁਆਰਾ ਸਮਝਾਇਆ ਹੈ । ਉਨ੍ਹਾਂ ਤੇਲੀ ਦੇ ਬੈਲ ਦੇ ਸਫ਼ਰ, ਅੰਨ੍ਹੇ ਦੀ ਵੱਟੀ ਰੱਸੀ ਨੂੰ ਬਛੜੇ ਦਾ ਖਾ ਜਾਣ, ਹਿਰਨ ਦੇ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਪਿੱਛੇ ਦੌੜਨ ਵਾਂਗ ਮਨੁੱਖ ਦੀ ਮਾਇਆ ਮਗਰ ਦੌੜ ਨੂੰ ਵਿਅਰਥ ਦੀ ਘਾਲ ਦੱਸਿਆ ਹੈ ।

ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਯੋ,
ਨੈਨ ਉਘਰਤ ਵਾਹੀ ਠੇਰ ਹੀ ਠਿਕਾਨੋ ਹੈ ।
ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ, ਖਾਤ
ਜਾਤ ਬਛੁਰੋ ਟਟੇਰੋ ਪਛੁਤਾਨੋ ਹੈ ।
ਜੈਸੇ ਮ੍ਰਿਗ ਤ੍ਰਿਸਨਾ ਲੌ ਧਾਵੈ ਮ੍ਰਿਗ ਤ੍ਰਿਖਾਵੰਤ,
ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ ।
ਤੈਸੇ ਸਵਪਨੰਤਰੁ ਦਿਸੰਤਰ ਬਿਹਾਯ ਗਈ, ਪਹੁੰਚ
ਨ ਸਕਯੋ ਤਹਾਂ ਜਹਾਂ ਮੋਹਿ ਜਾਨੋ ਹੈ ॥578॥

ਸਮੇਂ ਨੂੰ ਸਭਾਲ ਕੇ ਵਰਤਣ ਦਾ ਉਪਦੇਸ਼ ਗੁਰਬਾਣੀ ਵਿਚ ਕਈ ਵਾਰ ਦਿੱਤਾ ਗਿਆ ਹੈ :-

ਇਹੀ ਤੇਰਾ ਅਉਸਰ, ਇਹ ਤੇਰੀ ਬਾਰ ॥
ਘਟ ਭੀਤਰ ਤੂੰ ਦੇਖਿ ਬਿਚਾਰਿ ॥
ਕਹਤ ਕਬੀਰ ਜੀਤ ਕੈ ਹਾਰਿ ॥
ਬਹੁ ਬਿਧਿ ਕਹਿਓ ਪੁਕਾਰ ਪੁਕਾਰ ॥
(ਅੰਗ -1159).

ਨਵੇਂ ਸਾਲ ਦੇ ਪਹਿਲੇ ਦਿਨ ਨੂੰ ਸੰਸਾਰ ਭਰ ਵਿਚ ਮਨਾਏ ਜਾਣ ਦਾ ਰੁਝਾਨ ਚਲਿਆ ਹੋਇਆ ਹੈ । ਵਾਸਤਵ ਵਿਚ ਇਹ ਮਨੋਰੰਜਨ ਮਨਾਉਣ ਦਾ ਦਿਨ ਨਹੀ ਬਲਕਿ ਸਮੇ ਦੀ ਮਹਾਨਤਾ ਨੂੰ ਸਮਝਣ ਤੇ ਇਸਨੂੰ ਸਫ਼ਲ ਕਰਨ ਦੀ ਕਸਮ ਖਾਣ ਦਾ ਪੁਰਬ ਹੈ ।

ਬਾਬਾ ਬੁੱਡਾ ਜੀ ਦੀ ਸਾਖੀ ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ : ਭਾਗ-3

ਸਰਦਾਰ ਨਿਰਮਲ ਸਿੰਘ, ਵਿਕਟੋਰੀਆ, ਬੀ ਸੀ, (ਕੈਨੇਡਾ), 250-361-7327

(ਲੜੀ ਜੋੜਨ ਲਈ ਭਾਗ 1 ਤੇ 2 ਪੜੋ ਜੀ)

ਸ਼ਬਦ ਦੀ ਰਹਾਉ ਦੀ ਪੰਗਤੀ ਵਿਚ ਅੰਤਰੀਵ ਭਾਵ ਹੋਣ ਕਰਕੇ ਇਸ ਨੂੰ ਪਹਿਲਾਂ ਸਮਝਦੇ ਹਾਂ।

**ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥**

**(ਇਥੇ ਮਾਤਾ ਗੰਗਾ ਜੀ ਦੇ ਪੁੱਤਰ ਹਰਗੋਬਿੰਦ ਪਾਤਿਸ਼ਾਹ ਜੀ ਦੀ ਗਲ ਨਹੀਂ ਹੈ ਜੀ)**

**ਭਾਵ ਅਰਥ :** ਸੁਚੱਜੀ ਮਤਿ, ਮਾਤਾ ਦਾ ਸਦਕਾ ਅਡੋਲ ਮਨ ਪੁੱਤਰ ਪੈਦਾ, ਪ੍ਰਗਟ ਜ਼ਾਹਰ ਜਾਂ ਉਜਾਗਰ ਹੋ ਗਿਆ। ਗੁਰਬਾਣੀ ਵਿਚ ਮੱਤ ਨੂੰ ਮਾਂ ਅਤੇ ਸੰਤੋਖ ਨੂੰ ਪਿਤਾ ਆਖਦੇ ਹਨ।

ਕਰਮ ਇੰਦ੍ਰਿਆਂ ਵਿਚ ਸਭ ਗਿਆਨ ਨਿਜ ਘਰ (ਧੁਰ) ਤੋਂ ਮਤਿ ਲਈ ਅਤੇ ਉਸ ਅਨੁਸਾਰ ਆਪਣੇ ਅੰਦਰ ਦੀ ਸ੍ਰਿਸ਼ਟੀ ਦਾ ਭਾਗ ਲਿਖਿਆ। ਉਸਦੇ ਸਦਕੇ ਮੰਦੇ ਖਿਆਲਾਂ ਦੇ ਸੁਭਾਅ ਅਤੇ ਸੋਚਣੀ ਦੇ ਢੰਗ-ਤਰੀਕੇ ਨੂੰ ਠੀਕ ਕੀਤਾ। **ਭਾਵ** ਅੰਦਰਲੀ ਸਾਰੀ ਸ੍ਰਿਸ਼ਟੀ ਨੂੰ ਮਤਿ ਵੰਡਣ ਵਾਲਾ ਮਨ-ਪੁਤਰ (ਭਗਤ) ਪ੍ਰਗਟ ਹੋ ਗਿਆ। ਅੰਦਰਲੀ ਸ੍ਰਿਸ਼ਟੀ ਲਈ ਰੱਬੀ-ਗੁਣਾਂ ਵਾਲੇ ਕਿਰਦਾਰ ਦਾ ਭਾਗ ਲਿਖਣ ਜੋਗ ਹੋ ਗਿਆ।

**ਅੰਦਰਲੀ ਸ੍ਰਿਸ਼ਟੀ**: ਮ-3: **ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥ ਦੋਵੈ ਮਾਰਿ ਜਾਇ ਇਕਤੁ ਘਰਿ ਆਵੈ**
**ਗੁਰਮਤਿ ਸਹਜਿ ਸਮਾਵਣਿਆ॥4॥**(ਅੰਕ 126)



**ਭਾਵ ਅਰਥ :** ਮਨੁਖਾ ਸਰੀਰ ਵਿਚ ਵੱਸਦੇ ਮਨ ਅੰਦਰ ਨੇਕੀ ਤੇ ਬਦੀ ਦੋ ਭਾਈਆਂ ਨੇ ਮਨ ਦੀ ਮੱਤ ਨਾਲ ਅੰਦਰਲੀ ਸ੍ਰਿਸ਼ਟੀ ਪੈਦਾ ਕੀਤੀ ਹੋਈ ਹੈ। ਜਦੋਂ ਪ੍ਰਾਣੀ ਆਪਣੀ ਮਨਮੱਤ ਦੇ ਪ੍ਰਭਾਵਾਂ ਨੂੰ ਵਿਸਾਰ ਕੇ ਗੁਰਮਤਿ ਦਾ ਧਾਰਨੀ ਹੁੰਦਾ ਹੈ ਤਾਂ ਨਿਜ ਘਰਿ ਅੰਦਰ ਅਡੋਲ ਟਿਕ ਜਾਂਦਾ ਹੈ।

ਪਹਿਲਾ ਪਦਾ : ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥ ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥1॥

ਭਾਵ ਅਰਥ : ਚੰਗੀ ਸਿਖਿਆ ਦੇਣ ਵਾਲੇ ਸੱਚੇ ਗੁਰੂ, ਪ੍ਰਭੂ, ਅਕਾਲ ਪੁਰਖ ਨੇ ਸਦਜੀਵਨ (Eternal) ਚਿਰ ਜੀਵਨ, ਜੋ ਹਰ ਪਲ, ਮਤਿ ਰੂਪੀ ਉਦਰ ਵਿਚ ਸਾਰੀ ਉਮਰ ਸੱਚ ਨਾਲ ਇਕਮਿਕ ਹੋਇਆ ਰਹੇ, ਮਨ **ਵਿਚ ਨਿਵਾਸੁ** ਕਰ

ਕੇ ਮਤਿ ਵਿਚ ਟਿੱਕਾ ਦਿੱਤਾ ਹੈ। (**ਮਾਤਾ** : ਸੁਮਤਿ, **ਬਿਗਾਸੁ** : ਖੇੜਾ, ਸੰਤੋਖੀ ਸੁਬਾਓ)।

ਸੱਚੇ ਸਤਿਗੁਰ ਨੇ ਬਿਬੇਕ ਬੁੱਧ ਬਣਾਉਨ ਵਾਲਾ ਗਿਆਨ ਭੇਜ ਦਿਤਾ ਹੈ। ਸਦਜੀਵਨ ਲਈ ਸੱਚੇ ਸਤਿਗੁਰ ਦੀ ਮਤਿ ਨਾਲ ਇਕਮਿਕਤਾ ਦੇ ਉਦੱਮ ਦਾ ਸੰਜੋਗ ਸਫਲ ਹੋ ਗਿਆ। ਮਨੁਖ ਦੇ ਮਤਿ ਰੂਪੀ ਉਦਰ ਵਿਚ "ਸਤਿਗੁਰ ਦੀ ਮਤਿ" (ਗਿਆਨ, ਰੱਬੀ ਗੁਣਾਂ) ਦਾ ਬੀਜ ਪੈ ਗਿਆ। ਜਿਸਦੇ ਸਦਕੇ ਚੰਗੇ ਗੁਣਾਂ ਵਾਲੇ ਮਨ-ਪੁਤੱਰ ਲਈ ਉਦਰ ਤਿਆਰ ਹੋ ਗਿਆ ਹੈ। ਸਤਿਗੁਰ ਦੀ ਮਤਿ ਦੀ ਬੂੰਦ ਸਦਕਾ ਸੁਚੱਜੀ ਮਤਿ ਰੂਪੀ ਮਾਤਾ ਨੂੰ ਵਿਗਾਸ ਪ੍ਰਾਪਤ ਹੋ ਗਿਆ ਹੈ। ਤ੍ਰਿਸ਼ਨਾਲੂ ਖਿਆਲਾਂ ਬਦਲੇ ਮਨ ਨੂੰ ਸੰਤੋਖੀ ਮਤਿ-ਬੁਧਿ ਵਾਲੀ ਅਵਸਥਾ ਮਿਲ ਗਈ ਹੈ।

ਦੂਜਾ ਪਦਾ: ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥ ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥2॥

**ਇਸ ਦਾ** ਅਰਥ ਜੇ ਕਿਸੇ ਬੱਚੇ ਦਾ ਜਾਂ ਗੁਰੂ ਹਰਗੋਬਿੰਦ ਸਾਹਿਬ ਦੇ ਪੈਦਾ ਹੋਣ ਦਾ ਲਵਾਂਗੇ ਤਾਂ ਗਲਤ ਫਹਿਮੀ ਹੋਵੇਗੀ। ਕਿਉਂਕਿ ਬੱਚੇ ਦਾ ਜਨਮ ਤਾਂ ਨੌਂ ਮਹੀਨਿਆਂ 'ਚ ਹੁੰਦਾ ਹੈ ਨਾਂ ਕਿ ਦਸ ਮਹੀਨਿਆਂ ਵਿਚ। ਦਸੀ ਮਾਸੀ ਦਾ ਅਰਥ ਦਸ ਮਹੀਨੇ ਨਹੀਂ ਸਗੋਂ ਸਰੀਰ ਦੇ ਦਸ ਦੁਆਰੇ ਹਨ। ਮਾਸੀ ਦਾ ਅਰਥ ਮਾਸ ਵਾਲਾ ਹੈ। ਸੁਚੱਜੀ ਮੱਤ ਤੋਂ ਚੰਗੇ ਗੁਣਾਂ ਵਾਲੇ ਪੈਦਾ ਹੋਏ ਬਾਲਕ ਮਨ ਨੇ ਰੱਬੀ ਰਜ਼ਾ ਅਨੁਸਾਰ ਦਸਾਂ ਦੁਆਰਿਆਂ ਨੂੰ ਰੱਬੀ ਰਜ਼ਾ ਵਿਚ ਤੋਰਨ ਦੀ ਸੁਮੱਤ ਪ੍ਰਾਪਤ ਕੀਤੀ। ਦਸੀ ਮਾਸੀ ਦਾ ਮਤਲਬ ਦਸ ਇੰਦ੍ਰੀਆਂ ਦੁਆਰਾ (9 ਇੰਦ੍ਰੀਆਂ ਅਤੇ ਦਸਮਾਂ ਮਨ)। ਹੁਕਮਿ ਸਚਿਆਰਾ ਬਣਨ ਲਈ ਸੱਚ ਦਾ ਸੁਨੇਹਾ ਹੈ।

ਤੀਜਾ ਪਦਾ: ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥ ...

ਮਨ ਚਿੰਦਿਆ ਸਤਿਗੁਰੂ ਦਿਵਾਇਆ ॥
ਭਏ ਅਚਿੰਤ ਏਕ ਲਿਵ ਲਾਇਆ ॥3॥

"**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ**" ਅਨੁਸਾਰ ਮਨ ਬਾਲਕ ਨੇ ਜਨਮ ਲਿਆ। ਮਨ ਦੀ ਸਦਗੁਣੀ ਨਵੀਂ ਘਾੜਤ ਘੜੀ ਗਈ।

**ਮਿਟਿਆ ਸੋਗੁ ਮਹਾ ਅਨੰਦੁ ਥੀਆ**: ਸੋਗੁ: ਦੁਖ, ਤੌਖਲਾ-ਸਹਿਮ ਹੈ। ਇਸ ਬਾਲਕ ਮਨ ਨੇ ਰੱਬੀ ਰਜ਼ਾ, ਬਿਬੇਕ ਬੁਧਿ ਅਨੁਸਾਰ ਦਸਾਂ ਦੁਆਰਿਆਂ ਨੂੰ ਰੱਬੀ ਰਜ਼ਾ ਵਿਚ ਤੋਰਨ ਦੀ ਸੁਮੱਤ ਪ੍ਰਾਪਤ ਕੀਤੀ, ਮਨ ਨੀਵਾਂ ਤੇ ਮੱਤ ਉਚੀ ਹੋ ਗਈ। ਸੱਚ ਤੋਂ ਵਿਛੋੜੇ ਦਾ ਦੁਖ ਨਹੀਂ ਰਿਹਾ। ਸਦੀਵੀ ਅਨੰਦ-ਵਿਗਾਸ ਦੀ ਅਵਸਥਾ ਬਣ ਗਈ।

**ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ**॥2॥

**ਸਖੀ** ਦਾ ਅਰਥ ਹੈ ਗਿਆਨ ਤੇ ਕਰਮ ਇੰਦ੍ਰੇ। **ਗੁਰਬਾਣੀ ਗਾਵਿਆਂ** ਹਰੇਕ ਸਖੀ ਰੱਬੀ ਮਿਲਣ ਅਤੇ ਇਕਮਿਕਤਾ ਨਾਲ ਅਨੰਦਿਤ ਹੁੰਦੀ ਹੈ। ਮਨੁੱਖ **ਸੱਚੇ ਸਾਹਿਬ ਨੂੰ ਭਾਂਵਦਾ ਹੈ**। ਸਤਿਗੁਰ ਦੀ ਮੱਤਿ ਪ੍ਰਾਪਤ ਕਰਨ ਸਦਕਾ, ਸਾਰੇ ਅੰਗ ਅੰਗ, ਰੋਮ ਰੋਮ ਰੱਬੀ ਸਿਫਤਾਂ ਵਾਲੇ ਹੋ ਗਏ।

**ਭਾਵ ਅਰਥ**: ਜਦੋਂ ਮਨ ਨੂੰ ਸੁਜਾਣ ਮੱਤ ਪ੍ਰਾਪਤ ਹੋਈ ਤਾਂ ਇਹ ਸਰੀਰ ਦਾ ਸਾਚਾ ਸਾਹਿਬ ਬਣ ਗਿਆ। ਗਿਆਨ ਅਤੇ ਕਰਮ ਇੰਦ੍ਰੇ ਸਾਰੇ ਹੀ ਬਿਬੇਕ ਬੁਧਿ ਨਾਲ ਇਕਸੁਰ ਹੋ ਗਏ ਅਤੇ ਰੋਮ ਰੋਮ ਰੱਬੀ ਸਿਫਤਾਂ ਦੇ ਗੀਤ ਗਾਉਣ ਲਗ ਪਏ। ਇਹੀ ਜੀਵਨ ਦਾ ਮਨੋਰਥ ਹੈ ਜਿਸ ਨਾਲ ਸਾਰਾ

ਤਨ-ਮਨ ਰੁਹਾਨੀਅਤ ਭਰਪੂਰ ਹੋ ਜਾਂਦਾ ਹੈ ਤੇ ਮਨ-ਸਾਹਿਬ ਦੀ ਮਤਿ ਨਾਲ ਵਿਗਸਦਾ ਹੈ।

**ਧਰਮ ਕਲਾ** ਉਹ ਮਤਿ (ਉਹ ਜੁਗਤਿ) ਹੈ ਜਿਸ ਨਾਲ ਮਨੁੱਖ ਰੱਬੀ ਗੁਣਾਂ ਦੇ ਸਦਕੇ ਇਸਾਨੀਅਤ ਦੇ ਕਿਰਦਾਰ ਵਾਲਾ ਬਣ ਜਾਂਦਾ ਹੈ। ਸੱਚ ਨਾਲ ਬੰਧਿ ਜਾਂ ਇਕਮਿਕਤਾ **ਬਹਾਲ ਹੋਣ ਨਾਲ** ਧਰਮ ਦਾ ਨਿਯਮ ਲਾਗੂ ਹੁੰਦਾ ਹੈ। **ਮਨ ਚਿੰਦਿਆ**, ਯਾਨਿ ਮਨ ਦੇ ਟਿਕਾਓ ਵਾਲੀ ਇੱਛਾ, ਨਿਜਘਰ ਦੀ ਮਤਿ, ਸਤਿਗੁਰੂ ਤੋਂ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰਨਾ ਲ **ਲਿਵ ਲਾਇਆਂ** ਮਨ **ਅਚਿੰਤ**, ਬੇਫਿਕਰ ਅਤੇ ਉਸ ਦੀ ਮਤਿ ਨਾਲ ਇਕਸੁਰ ਹੋ ਜਾਂਦਾ ਹੈ।

**ਭਾਵ ਅਰਥ** : ਨਿਜਘਰ ਤੋਂ ਸਤਿਗੁਰ ਦੀ ਮਤਿ ਲੈ ਕੇ ਮਨ - ਸਾਹਿਬ ਦਾ ਪਰਵਾਰ ਵਧੱਦਾ ਹੈ ਮਾਨੋਂ ਉਸਦੇ ਅੰਦਰ ਦਾ ਵੰਸ਼ ਰੱਬੀ ਗੁਣ ਧਾਰਣ ਕਰ ਲੈਂਦਾ ਹੈ। ਮਨ (ਸਾਚੇ ਸਾਹਿਬ) ਨੇ ਅੰਦਰ ਦੇ ਸਾਰੇ ਪਰਵਾਰ ਨੂੰ ਧਰਮ ਦੀ ਜੁਗਤ ਦੇ ਕੇ ਰੱਬੀ ਸਿਫਤਾਂ ਵਾਲਾ ਬਣਾ ਲਿਆ, ਰੋਮ ਰੋਮ ਧਰਮੀ ਹੋ ਗਏ। ਮਨ ਨੇ ਇੱਛਾ ਕੀਤੀ ਕਿ ਰੱਬੀ ਗੁਣਾਂ ਦੇ ਕਿਰਦਾਰ ਵਾਲਾ ਬਣ ਜਾਵਾਂ। ਸਤਿਗੁਰ ਦੀ ਮਤਿ ਪ੍ਰਾਪਤ ਕਰਕੇ ਮਨ ਦੀ ਇਛਾ ਪੂਰੀ ਹੁੰਦੀ ਹੈ। ਸਤਿਗੁਰ ਦੀ ਮਤਿ ਨਾਲ ਇਕਸੁਰ ਹੋ ਕੇ ਧਰਮੀ ਕਿਰਦਾਰ ਬਣਦਾ ਹੈ ਜਿਸ ਤੋਂ ਬੇਫਿਕਰ, ਨਿਡੱਰ ਅਤੇ ਅਚਿੰਤ ਹੋ ਜਾਈਦਾ ਹੈ।

**ਚੌਥਾ ਪਦਾ: ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥ ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ**॥4॥

**ਬਾਲਕੁ** ਬੱਚਾ ਮਨ ਹੈ। **ਪਿਤਾ** ਸਤਿਗੁਰ ਹੈ। ਨਿਰੰਤਰ ਚੰਗੇ ਗੁਣਾਂ ਵਾਲੇ (ਔਲਾਦ-ਰੂਪੀ) ਵੰਸ਼ (ਉਤੱਮ ਵਿਚਾਰਾਂ) ਦੇ ਵਿਚ ਵਾਧਾ ਹੋਇਆ। ਜਿਵੇਂ ਸਤਿਗੁਰ ਨੇ ਸਮਝਾਇਆ, ਉਸੇ ਤਰ੍ਹਾਂ ਮਿਠਾ ਬੋਲਦਿਆਂ, ਗੁਰੂ ਦੀ ਮਤਿ ਅਨੁਸਾਰ, ਗੁਣਾਂ ਦੀ ਵਾਲੀ ਵੇਲ ਚਲ ਪਈ।


**ਗੁਝੀ ਛੰਨੀ** : ਲੁਕੀ ਛਿਪੀ। **ਬਾਤ**: ਭੇਤ। **ਤੁਠਾ**: ਖੁਆਰੀ ਮਹਿਸੂਸ ਕਰ ਕੇ ਉਸ ਤੋਂ ਮੁਕਤ ਹੋਣ ਦੀ ਜੁਗਤਿ। **ਦਾਤਿ**: ਸਤਿਗੁਰ ਦੀ ਰਤਨ-ਜਵਾਹਰ-ਮਾਣਿਕ ਵਰਗੀ ਸੁਮਤਿ।

**ਭਾਵ ਅਰਥ** : ਜਿਵੇਂ ਬਾਲਕ ਨੂੰ ਪਿਤਾ ਉਪਰ ਮਾਣ ਹੁੰਦਾ ਹੈ। ਉਸੀ ਤਰ੍ਹਾਂ ਮਨ-ਪੁਤਰ ਨੂੰ ਨਿਜ ਘਰ ਅੰਦਰ ਵਸਦੇ ਸਤਿਗੁਰ-ਪਿਤਾ ਤੇ ਮਾਣ ਕਰ ਕਟ ਚੰਗੇ ਗੁਣ ਪ੍ਰਾਪਤ ਹੁੰਦੇ ਹਨ ਤੇ ਧਰਮੀ ਕਿਰਦਾਰ ਬਣਦਾ ਹੈ। ਮਨ ਸਤਿਗੁਰ ਦਾ ਸਨੇਹਾ ਆਪਣੇ ਆਪ ਨੂੰ ਸੁਣਾਉਂਦਾ ਹੈ। ਰੱਬੀ ਸੁਨੇਹਾ, ਰਤਨ-ਜਵਾਹਰ-ਮਾਣਿਕ ਵਰਗੀ ਸਤਿਗੁਰ ਦੀ ਦਾਤਿ ਹੁੰਦੀ ਹੈ। ਜਦੋਂ ਤਕ ਮਨ ਹੰਕਾਰ ਛੱਡ ਕੇ ਨਿਮਰਤਾ ਵਿਚ ਨਾ ਆਵੇ ਤਦ ਤੱਕ ਸਰੀਰ ਤੋਂ ਰੱਬ ਦੀ ਦਾਤਿ (ਸਤਿਗੁਰ ਦੀ ਮਤਿ) ਲੁਕੀ ਛੁਪੀ ਰਹਿੰਦੀ ਹੈ। ਆਪਣੀ ਖੁਆਰੀ ਮਹਿਸੂਸ ਕਰਕੇ ਜਦੋਂ ਮਨ ਨੀਵਾਂ ਹੋ ਜਾਂਦਾ ਹੈ ਤਾਂ ਉਸਦੇ ਮਤਿ ਰੂਪੀ ਭਾਂਡੇ ਵਿਚ ਸਤਿਗੁਰ ਦੀ ਦਾਤਿ ਪੈ ਜਾਂਦੀ ਹੈ। ਮਨ ਸਤਿਗੁਰ ਦੀ ਮਤਿ ਨਾਲ ਇਕਮਿਕ ਹੋ ਕੇ ਇਹ ਦਾਤਿ ਵੰਡਦਾ ਹੈ।

**ਸਾਰਅੰਸ਼** : ਗੁਰਬਾਣੀ ਦੇ ਅਧਾਰ ਤੇ ਸਮਝ ਪੈਂਦੀ ਹੈ ਕਿ ਬਾਬਾ ਬੁੱਢਾ ਜੀ ਦੀ ਸਾਖੀ ਮਨੋਕਲਪੱਤ ਹੈ ਅਤੇ ਗੁਰੂ ਹਰ ਗੋਬਿੰਦ ਸਾਹਿਬ ਦੇ ਜਨਮ ਨਾਲ ਸਬੰਧਤ ਨਹੀਂ ਹੈ।

## Proud of them

### ਕੈਨੇਡਾ ਵਿੱਚ ਪਹਿਲਾ ਭਾਰਤੀ ਡਾਕਟਰ – ਗੁਰਦੇਵ ਸਿੰਘ ਗਿੱਲ
### (ਸਰਦਾਰ ਤਰਲੋਚਨ ਸਿੰਘ, ਸਾਬਕਾ ਐਮ. ਪੀ.)



ਡਾ. ਗੁਰਦੇਵ ਸਿੰਘ ਗਿੱਲ ਜੀ ਇੱਕ ਐਸਾ ਵਿਅਕਤੀ ਸੀ ਜੋ ਭਾਰਤ ’ਚੋਂ ਡਾਕਟਰੀ ਵਿਦਿਆ ਲੈ ਕੇ 1949 ਵਿੱਚ ਕੈਨੇਡਾ ਪੁਜਿਆ ਤੇ ਪੰਜ ਸਾਲ ਸਰਕਾਰੀ ਕਾਨੂੰਨਾਂ ਵਿਰੁਧ ਲੜ੍ਹ ਕੇ 1954 ਵਿੱਚ ਕੈਨੇਡਾ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਮੈਡੀਕਲ ਡਾਕਟਰ ਦਾ ਕਲਿਨਿਕ ਖੋਲ ਦਿੱਤਾ। ਉਸ ਸਮੇਂ ਕੈਨੇਡਾ ਵਿੱਚ ਭਾਰਤੀਆਂ ਤੇ ਐਸ਼ੀਆਈ ਲੋਕਾਂ ਦੇ ਬਾਰੇ ਕਈ ਕਾਨੂੰਨ ਲਾਗੂ ਸਨ ਪਰ ਇਹ ਪਹਿਲਾ ਪੰਜਾਬੀ ਸੀ ਜਿਸ ਨੇ ਇਤਨੀ ਵਡੀ ਕਾਮਯਾਬੀ ਹਾਸਿਲ ਕੀਤੀ ਸੀ।

ਡਾ. ਗੁਰਦੇਵ ਸਿੰਘ ਦੋਆਬੇ ਦੇ ਜਿਲ੍ਹਾ ਹੋਸ਼ਿਆਰਪੁਰ ਦੇ ਖੰਡ਼ੋਦੀ ਪਿੰਡ ਵਿੱਚ 1932 ਨੂੰ ਪੈਦਾ ਹੋਏ ਸਨ। ਕੈਨੇਡਾ ਵਿੱਚ ਰਹਿ ਕੇ ਇਨ੍ਹਾਂ ਨੇ ਕੇਵਲ ਡਾਕਟਰੀ ਹੀ ਨਹੀਂ ਸਗੋ ਇਕ ਸੋਸ਼ਲ ਲੀਡਰ ਵਾਂਗ ਅਦੁਤੀ ਸੇਵਾ ਵੀ ਕੀਤੀ। ਉਸ ਸਮੇਂ ਅਨੇਕਾਂ ਪੰਜਾਬੀਆਂ ਨੂੰ ਕੈਨੇਡਾਂ ਵਿੱਚ ਆਉਣ ਲਈ ਪੂਰੀ ਮਦਦ ਕੀਤੀ। ਬਰਿਟਿਸ਼ ਕੋਲੰਬੀਆ ਵਿੱਚ ਵਸਦਾ ਕੋਈ ਪੰਜਾਬੀ ਡਾ. ਗਿੱਲ ਦੀ ਕੀਤੀ ਸੇਵਾ ਨੂੰ ਭੁੱਲ ਨਹੀਂ ਸਕਦਾ। ਕੈਨੇਡਾ ਸਰਕਾਰ ਨੇ ਵੀ ਇਹਨ੍ਹਾਂ ਨੂੰ ਉਥੋਂ ਦੇ ਪਦਮ ਸ਼੍ਰੀ ਦੇ ਬਰਾਬਰ ਦਾ ਐਵਾਰਡ ਦਿੱਤਾ।

ਡਾ. ਗਿੱਲ ਦੀ ਅਦੁਤੀ ਸੇਵਾ ਹੈ ਆਪਣੇ ਪਿੰਡ ਖੰਡ਼ੋਦੀ ਨੂੰ ਇਕ ਉਚ ਕੋਟੀ ਦਾ ਦੀਦਾਰੀ ਪਿੰਡ ਬਣਾਉਣਾ। ਉਨ੍ਹਾਂ ਨੇ ਇਸ ਪਿੰਡ ਨੂੰ ਹਰ ਉਹ ਸਹੂਲਤ ਦਿੱਤੀ ਜਿਹੜੀ ਕਿ ਵੱਡੇ ਤੋਂ ਵੱਡਾ ਸ਼ਹਿਰੀ ਪ੍ਰਾਪਤ ਕਰਦਾ ਹੈ। ਉਹਨਾਂ ਪਿੰਡ ਦੇ ਛਪੜ੍ਹ ਵਿੱਚ ਸਫਾਈ ਦਾ ਪਲਾਂਟ ਲਾ ਕੇ ਇਸ ਨੂੰ ਇਕ ਸਰੋਵਰ ਬਣਾ ਦਿੱਤਾ। ਸਾਰੇ ਪਿੰਡ ਦੀ ਗਲੀਆ ਪੱਕੀਆ ਕੀਤੀਆ, ਪੀਣ ਦੇ ਪਾਣੀ ਦੇ ਨਲਕੇ ਲਗਵਾਏ ਅਤੇ ਸੀਵਰਜ਼ ਦਾ ਪ੍ਰਬੰਧ ਕੀਤਾ। ਘਰਾਂ ਦੇ ਉਪਰ ਸੋਲਰ ਪਲਾਂਟ ਲਗਵਾਏ ਤਾਂ ਜੋ ਮੁਫਤ ਬਿਜਲੀ ਲੋਕਾਂ ਨੂੰ ਮਿਲ ਸਕੇ। ਕੰਪਯੂਟਰ ਦੀ ਲੈਬ ਬਣਵਾਈ। ਲਾਈਬਰੇਰੀ ਅਤੇ ਸਕੂਲ ਖੜ੍ਹੇ ਕੀਤੇ। ਇਸ ਪਿੰਡ ਦੀ ਇਤਨੀ ਸ਼ਾਨ ਹੋਈ ਕੇ ਭਾਰਤ ਦੇ ਰਾਸ਼ਟਰਪਤੀ ਅਬਦੁਲ ਕਲਾਮ 10 ਦਸੰਬਰ 2005 ਨੂੰ ਪਿੰਡ ਵੇਖਣ ਲਈ ਪੁਜੇ। ਸਾਰੇ ਦੇਸ਼ ਵਿੱਚ ਇਸ ਦੀ ਚਰਚਾ ਹੋਈ। ਡਾ. ਸਾਹਿਬ ਦੇ ਨਾਲ ਕਈ ਵਿਦੇਸ਼ੀ ਧਨਾਢ ਲਗ ਗਏ। ਆਸ ਪਾਸ ਦੇ ਦੱਸ ਹੋਰ ਪਿੰਡਾਂ ਵਿੱਚ ਇਹੋ ਜਿਹੇ ਕੰਮ ਕੀਤੇ ਗਏ ਅਤੇ ਦੁਆਬੇ ਦਾ ਇਹ ਖਿੱਤਾ ਯੂਨੀਵਰਸਟੀ ਪ੍ਰੋਫੇਸਰਾਂ ਲਈ ਰਿਸਰਚ ਦਾ ਕੇਂਦਰ ਬਣ ਗਿਆ ਸੀ। ਇਸ ਲੇਖ ਰਾਹੀਂ ਡਾ. ਗੁਰਦੇਵ ਸਿੰਘ ਗਿੱਲ ਨੂੰ ਸ਼ਰਧਾਜਲੀ ਦਿੰਦਾ ਹੋਇਆ ਸਮੂਹ ਪੰਜਾਬੀਆਂ ਨੂੰ ਅਤੇ ਖਾਸ ਕਰਕੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਡਾ. ਸਾਹਿਬ ਦੇ ਪਾਏ ਪੂਰਨਿਆ ਤੋਂ ਇਹੋ ਜਿਹੀ ਸੇਵਾ ਕਰਨੀ ਸਿਖਣ।

(S.Tarlochan Singh, Ex-M.P, India, Former Chairman, National Commission for Minorities)

## Dr Sardar Devinder Singh Sekhon has revised his translation of Sri Guru Granth Sahib in English

**Dr Sardar Devinder Singh Sekhon**, PhD (Chemistry and Educational Administration), has revised and uploaded English translation of *Sri Guru Granth Sahib* (SGGS) on non-Apple mobile phones and tablets. You need to go to the " Play Store" on Google, and type "Reflections of Gurbani" in the search column. The App will appear. Install it, and you will be able to read it. He has worked very diligently for more than 12 years to finish the project. The translation will soon be available on the APPLE devices too. He has rendered a great service to all who wish to conveniently read the Divine Teachings of Gurbani (in SGGS).

## Artist Jasleen Kaur is the youngest winner of Great Britain's "Turner Prize"

Jasleen Kaur is the youngest nominee for this year's Turner Award with a cash prize of £25,000, for her exhibition, named "Alter Altar". This exhibition reflects her personal and political themes, choreographing a visual and aural experience that suggests solidarity and joy. The Turner Prize was established in 1984 and is one of world's most prestigious art awards.



Born in Glasgow, Kaur's parents moved from Punjab in 1950. Her father owns a hardware store in Scotland. Her work reflects on her own family history as migrants and her upbringing. She grew up from the Sikh tradition of *Miri Piri*, which is the balance of the political and the spiritual. She is alumnus of the Royal College of Art, and speaks for ceasefire in Gaza, and an arms embargo.

## Dr. Karamjit Singh appointed Vice-Chancellor of Guru Nanak Dev University, Amritsar



Dr. Karamjit Singh is an academician with nearly four decades of experience in teaching and research. He is an expert in Finance and has held prominent positions in academia. Earlier he served as the Vice-Chancellor of Jagat Guru Nanak Dev Punjab State Open University, Patiala. He has contributed to educational leadership, was a Syndic of Panjab University, Chandigarh, and Member of the UGC Experts Committee. Dr. Singh was honored with the Lifetime Achievement Award in 2023.

## Kiran Randhawa is Deputy Mayor Chestermere, Calgary (Canada)



**Kiran Randhawa** has been living in Chestermere since 2008. and has extensive experience in business management. She volunteered in the community, serving on various committees and boards, the Chestermere Coalition for Seniors, the Police Communications Committee, and the Senior Advisory Committee. She also participates in Prairie Waters Elementary School event planning and runs the non-profit organization for Seniors. Through these efforts, Kiran has gained a deep understanding of the needs of the residents and families in the community and is driven by a passion for making Chestermere a better place for all residents.

**Does It Matter If I Am 94 ?**

Dr Harbans Lal, Ph.D., D. Lit (Hons). (Japji2050@gmail.com)



January is a time of new beginnings- a terrific time to take the opportunity to reflect on our journey through life. In January 2025, I will be 94 year old. So, given the diminishing future, I must learn to shift my perspective .

My Guru, Guru Nanak, at the time of Guru Amar Das, wisely stated that those connected to the inner light of Guru never grow old. Within them is intuitive understanding and spiritual wisdom. Guru Nanak wrote[1] ( AGGS, M-3, P-1418) :

*Guru (wisdom) -oriented people never grow old; within them resides an intuitive understanding and spiritual insight.*

In his message, our Guru Sahib asks us not to pay attention to numbers but instead transform our aging mindset. He reminds us that people who follow the Guru's wisdom about getting older often live healthier, longer lives. They always look forward to older age as prolonging their opportunity to live with their mind at their Guru's feet; meaning under their spiritual mentor's guidance.

Thus, I may look forward to old age. I retired at 69 from my position as Chairman of the Department of Neuroscience and Pharmacology at the University of North Texas Health Science Center.

I no longer have the responsibilities of teaching and heading research projects, which may be why I have been blessed to reach the age of 94. People I meet often remark on my youthful spirit, complimenting my experience and wisdom.

A decade-long study of 660 people written about in the New York Times from 2023 showed that those with positive beliefs about getting older lived seven and a half years longer than those who felt negatively about it.

Since then, research has found that a positive mindset toward aging is associated with lower blood pressure, reduced risk of developing memory problems, and a longer and healthier life. Further, they have a more positive perception of aging and take preventive health measures — like exercising and spiritual development— which, in turn, may help them live longer and enthusiastically. Guru Nanak wrote[2] (AGGS, M-1, P-1286):

*O God, death does not approach those whom You protect. You carry them across the terrifying world-ocean.*

No one can stop the march of time, but you do not have to dread it as the stereotype of aging. People 85 and older are one of civilization's fastest-growing segments of society. In fact, we are in plenty of good company!

-----------------------------------------

Professor Emeritus & Chairman, Dept of Pharmacology & Neurosciences, University of North Texas Health Science Center. Professor Emeritus, Guru Nanak Dev University, Amritsar, India. President, Academy of Guru Granth Studies.

--------------------------------------------

1. ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥

2. ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥

-------------------------------------------

## King of Poets - Guru Dasmesh Ji

Dr. Sardar Raja Balraj Singh, Calgary Canada

Guru Gobind Singh Sahib was a great poet and had 52 poets, from different religions, at *Kavi Durbars* he used to hold. There were many scholars who recorded the poems and prepared their manuscripts for books and others who translated poems from Sanskrit and Persian to Braj Bhasha and Punjabi.. Bhai Kahn Singh Nabha has listed names of these poets and others in his book *Mahan-Kosh*.

Guru Sahib seestablished the unique traditions which became popular cultural and literary institution. These *Durbars* attracted intellectuals, spiritual personalities and singers who were experts in classical musical forms and came from various regions. The literature produced by them included translations of Indian religious and other historic texts as well as poetry on various themes, with commentaries.

These assemblies marked the literary history of that era, and contributed to the preservation and propagation of the glorious Sikh culture and heritage. These *Kavi Durbars* were different from those prevalent in other poetical congregations, in respect of their purpose and musical renderings.

Here only classical string instruments, designed by Guru Sahiban themselves, were used. Many of the participants were reputed Sanskrit and Persian scholars who were known for their learning. Most of this literature was lost when Guru Gobind Singh Sahib evacuated the Anandpur Fort in December 1705, while crossing the Sirsa river and when attacked later by Mughal forces during the battle of Chamkaur Sahib in 1705.

Guru Sahib visited in Nahan in 1682 on the invitation of its ruler Medni Parkash and selected the beautiful place of Paonta Sahib (in District Sirmaur of Himachal) near river Yamuna. He established a fort for himself and his family and also set up a cantonment for his army. He was not only a visionary Warrior-Saint who established the Order of the Khalsa but the King of Poets. His eldest son *Sahibzada* Baba Ajit Singh Ji, was born at Paonta Sahib.

At Paonta Sahib regular *Kavi Durbars* were held by Guru Sahib on moonlit nights during 1685-1689. During the period 1689-1699, they were held in Anandpur Sahib.

It was at Anandpur that the voluminous book "*Vidya Sagar Granth*" (Book of the ocean of wisdom) was composed, which included the work of Guru Sahib also. This collection is also known as "*Sagar Granth*" or "*Samund Sagar Granth*".


Other Prominent Books produced in these *Kavi Durbars* include : *Das Gur Katha*, a copy of which is preserved in the Library at Khalsa College, Amritsar, along with a *Rahitnama*, the Sikh code of Conduct. It is an account of the teachings of Sikh Gurus. Another book, *Ganj-namah* ("Treasure book") was composed by Bhai Nand Lal Goya, focused on the effulgence and bravery of Guru Gobind Singh Sahib. Among his works is *Rahitnama*, subsequently renamed *Nashitnama*. This is a dialogue between Guru Sahib and Bhai Nand Lal Goya, discussing the ideal conduct for Sikhs. Some other outstanding works by other poets include works on Mahabharat, the Bhakti saints, Political Science, and study of rhythm, stress on syllables, intonation of speech - aspects of linguistics. An important book, Sri *Gursobha Granth* is credited to Kavi Sainapat. *Sri Sarb Loh Granth* and *Dasam Granth,* are the famous literary composition, written by Guru Sahib during his stay at Paonta Sahib.

.

*Kavi Durbars* were usually held every month in the open space near the present Gurdwara Paonta Sahib (which was reconstructed in 1823) and continue to be organized. Guru Sahib launched his armed crusade from Paonta Sahib and won his first war foisted on him by the hill chiefs at Bhangani, near Paonta Sahib. Among others, he wrote the unique verses called *Bachittar Natak* (The Cosmic Play), which is a description of this war, *Jaap Sahib* (The Praise of God*),* and *Sawayyas*. In addition to inspiring the readers, these compositions are characterized by epiphany, triggered by imagery or language and sublimity, a sense of awe at the transcendental majesty of the Supreme God. *Vidya Sar*, a Sikh Research Centre was built in this complex, for use by writers, poets and scholars in Sikh History, Literature, Culture and Heritage. A library and a museum have now been set up adjacent to it.

References : \


1. *Khushwant Singh, "Guru Gobind Singh", The Sikh Review,* ***35*** *: 13 (1987).*
2. *Piara Singh Padam, Sri Guru Gobind Singh Ji De Darbari Rattan (1976)*

# ਕੀ ਅਸੀਂ ਸਿੱਖ ਗੁਰੂ ਪ੍ਰਤੀ ਅਕਿਰਤਘਣ ਹਾਂ ?

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਕੀ ਕਿਸੇ ਨੇ ਕਦੀ ਸੋਚਿਆ ਹੈ ਕਿ ਆਪਣੇ ਗੁਰੂ ਸਾਹਿਬਾਨ ਅਤੇ ਪਰਮਾਤਮਾ ਪ੍ਰਤੀ ਅਸੀਂ ਸਿੱਖ ਅਕਿਰਤਘਣ ਤਾਂ ਨਹੀਂ ?

ਅਕਿਰਤਘਣ ਆਪਣੇ ਗੁਰੂ ਅਤੇ ਪਰਮਾਤਮਾ ਦੀ ਮਿਹਰ ਜਾਂ ਕਿਸੇ ਵਲੋਂ ਕੀਤੀ ਭਲਾਈ ਨੂੰ ਚੇਤੇ ਨਹੀਂ ਰਖਦੇ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਜੋ ਕੁਝ ਪਰਮਾਤਮਾ ਨੇ ਮਨੁੱਖ ਨੂੰ ਦਿੱਤਾ ਹੈ ਉਸ ਲਈ ਉਹ ਸ਼ੁਕਰ-ਗੁਜ਼ਾਰ ਨਹੀਂ ਹੁੰਦਾ, ਦੇਣਹਾਰ ਨੂੰ ਭੁਲਾ ਦਿੰਦਾ ਹੈ, ਪਰ ਹੋਰ ਮੰਗਦਾ ਹੈ। ਉਹ ਕਦੀ ਵੀ ਸੰਤੁਸ਼ਟ ਨਹੀਂ ਹੁੰਦਾ।

ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥ਰਾਗ ਗਉੜੀ॥ 268॥

ਅਮ੍ਰਿਤ ਰਸੁ ਖਾਵਹਿ ਖਾਨ ਪਾਨ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ॥ 195॥

ਸਭ ਜੀਵਾਂ ਨੂੰ ਜੀਵਨ ਲਈ ਜ਼ਰੂਰੀ ਹਵਾ, ਪਾਣੀ, ਧਰਤੀ, ਅਗਨੀ, ਬਨਸਪਤ, ਰੋਸ਼ਨੀ, ਅਕਾਸ਼ ਆਦਿ ਮੁਫਤ ਮਿਲੇ ਹਨ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਮਨੁੱਖ ਇਨ੍ਹਾਂ ਕੀਮਤੀ ਤੱਤਾਂ ਨੂੰ ਤਬਾਹ ਕਰਨ ਤੇ ਲਗਿਆ ਹੋਇਆ ਹੈ। ਸਾਡੇ ਸਾਰੇ ਦੁਖਾਂ ਦਾ ਕਾਰਣ ਸਾਡੀ ਇਹੀ ਅਕਿਰਤਘਣਤਾ ਹੈ।

ਸਾਨੂੰ ਹੱਥ, ਪੈਰ, ਅੱਖਾਂ, ਬੁੱਧ ਜਿਹੀਆਂ ਵੱਡਮੁਲੀਆਂ ਦਾਤਾਂ ਮਿਲੀਆਂ ਹਨ। ਪੜ੍ਹਨ, ਵਿਚਾਰਾਂ ਦੀ ਸਾਂਝ ਕਰਨ, ਲਿਖਣ ਅਤੇ ਬੋਲ਼ ਸਕਣ ਵਰਗੇ ਅਨੇਕਾਂ ਗੁਣ ਵੀ ਮਿਲੇ ਹਨ, ਜੋ ਪਸ਼ੂਆਂ ਕੋਲ ਨਹੀਂ ਹੁੰਦੇ। ਪਸ਼ੂ ਰੁੱਖਾ-ਸੁੱਖਾ ਖਾ ਕੇ ਵੀ ਮਾਲਕ ਦੇ ਵਫਾਦਾਰ ਹੁੰਦੇ ਹਨ ਤੇ ਮਰ ਕੇ ਵੀ ਕਈ ਕਾਜ ਸਵਾਰਦੇ ਹਨ। ਮਨੁੱਖ ਛੱਤੀ ਪ੍ਰਕਾਰ ਦੇ ਭੋਜਨ ਕਰ ਕੇ, ਸਾਰੇ ਸੁਖ ਮਾਣਦਿਆਂ ਵੀ, ਜੀਉਂਦਿਆਂ ਦਾਤੇ ਨੂੰ ਭੁਲਾਈ ਬੈਠਾ ਹੈ ਅਤੇ ਮਰ ਕੇ ਕਿਸੇ ਕੰਮ ਨਹੀਂ ਆਉਂਦਾ।

ਦੁਨੀਆਂ ਇਕ ਮੁਸਾਫਰਖਾਨਾ ਹੈ ਜਿਥੇ ਕੁਝ ਸਮਾ ਬਿਤਾ ਕੇ ਸਭ ਨੇ ਚਲੇ ਜਾਣਾ ਹੈ। ਇਥੇ ਲੋੜ ਤੋਂ ਵਧ ਧਨ ਤੇ ਪਦਾਰਥ ਜੋੜ ਕੇ ਰੱਖਣ ਦਾ ਕੋਈ ਫਾਇਦਾ ਨਹੀਂ, ਕਿਉਂਕਿ ਇਥੋਂ ਇਹ ਨਾਲ ਨਹੀਂ ਲਿਜਾਏ ਜਾ ਸਕਦੇ। ਬੱਚਿਆਂ ਦੇ ਮੋਹ ਵਿਚ ਫਸੇ ਲੋਕ ਹਰ ਗਲਤ ਢੰਗ ਨਾਲ ਉਨ੍ਹਾਂ ਲਈ ਪੈਸਾ, ਜ਼ਮੀਨਾਂ, ਜਾਇਦਾਦਾਂ ਇਕੱਠੇ ਕਰਨ ਲਗੇ ਹੋਏ ਹਨ। ਇਹ 'ਲਾਲਚ' ਮਨੁੱਖ ਨੂੰ ਅਕਿਰਤਘਣ ਬਣਾਉਣ ਦਾ ਇੱਕ ਕਾਰਣ ਹੈ।

ਰਾਤਿ ਕਾਰਣਿ ਧਨ ਸੰਚੀਐ ਭਲਕੇ ਚਲਣੁ ਹੋਇ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥
ਰਾਗੁ ਸੂਹੀ ਮਹਲਾ 2॥ 787॥

'ਹੰਕਾਰ' ਅਕਿਰਤਘਣ ਹੋਣ ਦਾ ਇੱਕ ਹੋਰ ਕਾਰਣ ਹੈ। ਹੰਕਾਰੀ ਮਨੁੱਖ ਆਪਣੀ ਕਾਮਯਾਬੀ ਨੂੰ ਆਪਣੀ ਚਤੁਰਾਈ ਦਾ ਨਤੀਜਾ ਸਮਝਦਾ ਹੈ। ਉਹ ਕਿਸੇ ਹੋਰ ਤੋਂ ਮਿਲੀ ਮਦਦ ਜਾਂ ਪਰਮਾਤਮਾ ਦੀ ਬਖਸ਼ਿਸ਼ ਨੂੰ ਯਾਦ ਨਹੀਂ ਰੱਖਦਾ। ਆਪਣੀ ਨਾਕਾਮਯਾਬੀ ਲਈ ਜ਼ਰੂਰ ਕਿਸੇ ਹੋਰ ਨੂੰ ਜਾਂ ਪਰਮਾਤਮਾ ਹੀ ਨੂੰ ਦੋਸ਼ ਦਿੰਦਾ ਹੈ।

ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥ ਮਾਰੂ ਕਬੀਰ ਜੀਉ॥ 1105॥

ਗੁਰੂ ਸਹਿਬਾਨ ਨੇ ਸਿੱਖਾਂ ਨੂੰ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਅਤੇ ਅਣਗਿਣਤ ਦੇਵੀ-ਦੇਵਤਿਆਂ ਦੇ ਜੰਜਾਲ ਵਿਚੋਂ ਕੱਢ ਕੇ ਸਿਰਫ ਇੱਕ ਪਰਮਾਤਮਾ ਨਾਲ ਜੁੜਨ ਦੀ ਗੱਲ ਸਮਝਾਈ ਹੈ। ਸਚਿਆਰ ਬਣਨ ਨੂੰ ਕਿਹਾ ਹੈ। ਕੀ ਸਾਨੂੰ ਇਨ੍ਹਾਂ ਮਹਾਨ ਸਿਖਿਆਵਾਂ ਦੀ ਕਦਰ ਹੈ ?

ਗੁਰੂ ਸਹਿਬਾਨ ਵਲੋਂ ਦਰਸਾਈ ਇੱਕ ਉੱਤਮ ਜੀਵਨ-ਜਾਚ ਨੂੰ ਛੱਡ ਕੇ ਅੱਜ ਕਈ ਸਿੱਖ ਡੇਰਿਆਂ, ਆਸ਼ਰਮਾਂ ਅਤੇ ਪਖੰਡੀ ਬਾਬਿਆਂ ਦੇ ਮਗਰ ਤੁਰੇ ਫਿਰਦੇ ਨਜ਼ਰ ਆਉਂਦੇ ਹਨ। ਇਹ ਲੁੱਟ-ਖਸੁਟ, ਮਾੜੇ ਕੰਮਾਂ ਅਤੇ ਰਾਜਨੀਤੀ ਦੇ ਅੱਡੇ ਸਿੱਖਾਂ ਨੂੰ ਅਜ ਮੁੜ ਉਸ ਜੰਜਾਲ ਵਿਚ ਪਾ ਰਹੇ ਹਨ ਜਿਸ ਵਿਚੋਂ ਗੁਰੂਆਂ ਨੇ ਸਾਨੂੰ ਬਾਹਰ ਨਿਕਲਣ ਦਾ ਉਪਦੇਸ਼ ਦਿੱਤਾ ਸੀ। ਪਰ ਅਸੀਂ ਨਾਸ਼ੁਕਰੇ ਲੋਕ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਭੁੱਲ ਕੇ ਫਿਰ ਉਸੇ ਜ਼ਾਤ-ਪਾਤ, ਉਚ-ਨੀਚ, ਲਾਲਚ, ਰਿਸ਼ਵਤ-ਖੋਰੀ, ਧੋਖਾ-ਧੜੀ, ਝੂਠ ਅਤੇ ਸਵਾਰਥ ਦੀ ਦਲਦਲ ਵਿਚ ਫਸਦੇ ਜਾ ਰਹੇ ਹਾਂ।

ਸਾਡੇ ਵਧੇਰੇ ਸਿੱਖ ਰਾਜਨੀਤਕ ਅਤੇ ਧਾਰਮਿਕ ਆਗੂ ਛੋਟੇ-ਵੱਡੇ ਦਲ ਜਾਂ ਗੁਰਦਵਾਰੇ ਬਣਾ ਕੇ ਦਿਨ ਰਾਤ ਸਿਰਫ ਪੈਸਾ ਕਮਾਉਣ ਅਤੇ ਆਪਣੀਆਂ ਪਰਧਾਨਗੀਆਂ ਕਾਇਮ ਰੱਖਣ ਵਲ ਲਗੇ ਹੋਏ ਹਨ। ਜਿੰਨ੍ਹਾਂ ਆਦਰਸ਼ਾਂ ਲਈ ਸਾਡੇ ਗੁਰੂ ਸਾਹਿਬਾਨ ਅਤੇ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ, ਕੀ ਅਹਿਸਾਨ-ਫਰਾਮੋਸ਼ ਇਨ੍ਹਾਂ ਆਗੂਆਂ ਨੇ ਉਨ੍ਹਾਂ ਬਾਰੇ ਕਦੀ ਸੋਚਿਆ ? ਕੀ ਅਸੀਂ ਅਪਿਣੇ ਗੁਰੂਆਂ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਪ੍ਰਤੀ ਵਫ਼ਾਦਾਰ ਹਾਂ ?

ਗੁਰੂ ਅੰਗਦ ਸਾਹਿਬ ਦੇ ਪੁੱਤਰਾਂ, ਦਾਤੂ ਅਤੇ ਦਾਸੂ, ਵਲੋਂ ਗੁਰ-ਗੱਦੀ ਨਾ ਮਿਲਣ ਤੇ ਗੁਰੂ ਅਮਰਦਾਸ ਜੀ ਨਾਲ ਬਹੁਤ ਮਾੜਾ ਸਲੂਕ ਕਰਨਾ ਇਸ ਅਕਿਰਤਘਣਤਾ ਦਾ ਇੱਕ ਉਦਾਹਰਣ ਹੈ। ਇਹੋ ਗੱਲ ਗੁਰੂ ਰਾਮਦਾਸ ਜੀ ਦੇ ਪੁੱਤਰਾਂ, ਮਹਾਦੇਵ ਅਤੇ ਪਿਰਥੀ ਚੰਦ, ਬਾਰੇ ਵੀ ਕਹੀ ਜਾ ਸਕਦੀ ਹੈ, ਜਿਹੜੇ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਗੋਬਿੰਦ ਸਾਹਿਬ ਨੂੰ ਗੁਰ-ਗੱਦੀ ਦੇਣ ਦੇ ਵਿਰੋਧੀ ਸਨ। ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਧੀਰ ਮਲ ਅਤੇ ਗੁਰੂ ਹਰ ਰਾਇ ਸਾਹਿਬ ਦੇ ਪੁੱਤਰ ਰਾਮ ਰਾਇ ਨੂੰ ਵੀ ਅਕਿਰਤਘਣ ਸਮਝਿਆ ਜਾਂਦਾ ਹੈ। ਮਾਤਾ ਗੁਜਰੀ ਜੀ ਦਾ ਰਸੋਈਆ ਵੀ ਇਤਿਹਾਸ ਦਾ ਵੱਡਾ ਅਕਿਰਤਘਣ ਸੀ।

ਜਿਨ੍ਹਾਂ ਰਾਜਿਆਂ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਗਵਾਲੀਅਰ ਦੇ ਕਿਲੇ ਤੋਂ ਛੁੜਵਾਇਆ ਸੀ ਉਨ੍ਹਾਂ ਦੇ ਖਾਨਦਾਨ ਵਿਚੋਂ ਅਕਿਰਤਘਣਾਂ ਨੇ ਮੁਗਲਾਂ ਨਾਲ ਰਲ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖਿਲਾਫ਼ਤ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਅੰਤ ਵੀ ਉਨ੍ਹਾਂ ਲਾਲਚੀ ਅਕਿਰਤਘਣਾਂ ਨੇ ਕੀਤਾ ਸੀ ਜਿਨ੍ਹਾਂ ਨੂੰ ਮਹਾਰਾਜੇ ਨੇ ਵੱਡੀਆਂ ਵਜ਼ੀਰੀਆਂ ਦਿੱਤੀਆਂ ਸਨ। ਪਰ ਕੀ ਅਸੀਂ ਇਤਿਹਾਸ ਤੋਂ ਕੁਝ ਵੀ ਸਿੱਖ ਨਹੀਂ ਸਕੇ ?

ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਿਰਤਘਣ ਲੋਕਾਂ ਬਾਰੇ ਲਿਖਿਆ ਹੈ:

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥ਰਾਗੁ ਗਉੜੀ॥ 315॥

ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ॥ਰਾਗੁ ਗਉੜੀ॥ 317॥

ਸ਼ੇਖ ਫਰੀਦ ਜੀ ਦੇ ਬਚਨ ਹਨ :

ਫਰੀਦਾ ਹਉ ਬਲਿਹਾਰੀ ਤਿਨ੍ਹ ਪੰਖੀਆ ਜੰਗਲਿ ਜਿਨ੍ਹਾਂ ਵਾਸੁ॥

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ 1383॥ ਅਤੇ :

ਮੰਨੁੱਖ ਨੂੰ ਦਾਤਾਂ ਪਿਆਰੀਆਂ ਲਗਦੀਆਂ ਹਨ ਪਰ ਦਾਤਾਰ ਦਾ ਚੇਤਾ ਵੀ ਨਹੀਂ ਆਉਂਦਾ।

ਭਾਈ ਗੁਰਦਾਸ ਜੀ ਨੇ ਵੀ ਅਕਿਰਤਘਣਾਂ ਨੂੰ ਧ੍ਰੋਹੀ ਅਤੇ ਪਾਪੀ ਕਿਹਾ ਗਿਆ ਹੈ।

ਕੇਤੜਿਆਂ ਅਕਿਰਤਘਣ ਕਿਤੜੇ ਬੇਮੁਖ ਤੇ ਅਣਚਾਰੀ॥ ਵਾਰ 8॥

ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ॥ ਵਾਰ 34/16)॥

ਬਿਸਵਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥ ਵਾਰ 36॥

ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣਿਹਾਰਾ॥ ਵਾਰ 37॥

ਵਾਰ 35/8 ਵਿਚ ਭਾਈ ਸਾਹਿਬ ਅਕਿਰਤਘਣਾਂ ਨੂੰ ਧਰਤੀ ਉਤੇ ਸਭ ਤੋਂ ਵੱਡਾ 'ਭਾਰ' ਦੱਸਦੇ ਹਨ।

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥ ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ॥ ਨਾ ਤਿਸੁ ਭਾਰੇ ਸਾਇਰਾ ਨਦ ਵਾਹ ਵਹੰਦੇ॥ ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ॥ ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ॥ ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥

ਵਾਰ 35/9 ਵਿਚ ਭਾਈ ਸਾਹਿਬ ਅਕਿਰਤਘਣ ਦੀ ਨਜ਼ਰ ਤੋਂ ਵੀ ਬਚਣ ਨੂੰ ਕਹਿੰਦੇ ਹਨ।

ਮਦ ਵਿਚ ਰਿਧਾ ਪਾਇਕੈ ਕੁਤੇ ਦਾ ਮਾਸ॥ ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥ ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ॥ ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ॥ ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸ॥ ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥

ਗੁਰੂ ਸਾਹਿਬ ਇਹ ਵੀ ਫਰਮਾਂਦੇ ਹਨ ਕਿ ਪਰਮਾਤਮਾ ਫਿਰ ਵੀ ਅਕਿਰਤਘਣਾਂ ਨੂੰ ਵੀ ਬਖਸ਼ ਦਿੰਦਾ ਹੈ।

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥ ਸਿਰੀ ਰਾਗੁ ॥ 47॥

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮੁ॥ ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥143॥

ਰੱਬ ਸਭ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਦੇ ਰਿਹਾ ਹੈ। ਪਰ ਵਿਰਲਾ ਹੀ ਕੋਈ ਸ਼ੁਕਰ ਕਰ ਕੇ ਇਹ ਗਲ ਕਹਿੰਦਾ ਹੈ।

ਆਪੇ ਜਾਣੈ ਆਪੇ ਦੇਇ॥ ਆਖਹਿ ਸੇ ਭੀ ਕੇਈ ਕੇਇ॥ ਜਪੁ ਜੀ ਸਾਹਿਬ ॥

ਸਿੱਖਾਂ ਨੂੰ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਹਿਬ ਦੇ ਸਰੂਪ ਵਿਚ ਗਿਆਨ ਦਾ ਬਹੁਤ ਵੱਡਾ ਖਜ਼ਾਨਾ ਦਿੱਤਾ ਹੈ ਜਿਸ ਤੋਂ ਸਹੀ ਜੀਵਨ ਜਾਚ ਮਿਲਦੀ ਹੈ। ਇਸ ਸਦੀਵੀ ਭੰਡਾਰ ਤੋਂ ਸੇਧ ਲੈ ਕੇ ਗੁਰੂ ਦੇ ਸ਼ੁਕਰਾਨੇ ਵਿਚ ਰਹਿਣਾ ਚਾਹੀਦਾ ਹੈ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

ਡਾ. ਸਰਦਾਰ ਡੀ. ਪੀ. ਸਿੰਘ, ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

ਡਾ. ਸਰਦਾਰ ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ, "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕਰ ਕੇ, ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ ਅਤ ਅਲਬਰਟਾ ਐਨਵਾਇਰਮੈਂਟ ਦੇ ਸਲਹਕਾਰ ਰਹੇ।

ਡਾ. ਸਰਦਾਰ ਰਾਜਾ ਬਲਰਾਜ ਸਿੰਘ ਨੇ 2020 ਵਿੱਚ ਵਿਸ਼ਵ-ਵਿਆਪੀ ਭਾਈਚਾਰੇ ਲਈ ਔਨਲਾਈਨ ਜ਼ੂਮ ਪ੍ਰੋਗਰਾਮ ਸ਼ੁਰੂ ਕੀਤਾ। ਮੈਨੀਟੋਬਾ ਯੂਨੀਵਰਸਿਟੀ (ਕੈਨੇਡਾ) ਤੋਂ Cardio-vascular Sciences ਵਿੱਚ ਪੀ.ਐਚ.ਡੀ. ਕੀਤੀ। ਅਲਬਰਟਾ ਯੂਨੀਵਰਸਿਟੀ ਵਿਚ ਰਿਸਰਚ ਡਾਇਰੈਕਟਰ ਰਹੇ ਹਨ। (rajabsingh72@gmail.com

.

ਸਰਦਾਰਨੀ ਗੁਰਨਾਮ ਕੌਰ ਨੇ Masters' in Punjabi ਅਤੇ Master's in Library and Information Science ਦੀ ਪੜ੍ਹਾਈ ਕੀਤੀ ਹੈ। ਫਿਰ M.Phil. in Library and Information Science ਕਰ ਕੇ ਬਤੌਰ Professional Assistant, Punjabi University, Patiala, ਦੇ Regional Centre Bathinda ਵਿਚ ਸੇਵਾ ਕੀਤੀ ਹੈ।

ਡਾ. ਸਰਦਾਰ ਸੁਰਜੀਤ ਸਿੰਘ ਭੱਟੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਵਿੱਚ ਬਤੌਰ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਕੰਮ ਕੀਤਾ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca E-mail : surjitsinghbhatti@gmail.com).

## <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ
5. ਲੈਂਸ ਨਾ ਹੋਵੇ ਜੀ।
6. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
7. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਬੜੀ ਸੰਖੇਪ ਜਾਣਕਾਰੀ ਦਿਓ ਜੀ।
8. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
9. ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
10. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
11. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## <u>Important Information for Authors</u>

1. **Magazine Policy** : To Promote Punjabi Culture, History and Heritage (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo - optional)
7. **Maximum Length** : Two pages (Including Photo) of 800 Laptop words.
8. **Longer Articles** : On BLOG Website ***(sanjhivirasat.org)*** or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸ਼ਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

# ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ